ੴ ਸਤਿਗੁਰ ਪ੍ਰਸਾਦਿ॥

# ਬਾਣੀ ਗੁਰੂ ਗੁਰੂ ਹੈ ਬਾਣੀ

ਬਾਣ ਇੱਕ ਸ਼ਸਤਰ ਦਾ ਨਾਮ ਹੈ । ਦੂਸਰੇ ਸ਼ਬਦਾਂ ਵਿੱਚ ਇਸਨੂੰ ਤੀਰ ਵੀ ਕਹਿੰਦੇ ਹਨ ਜੋ ਕਿ ਕਮਾਨ ਜਾਂ ਧਨੁਸ਼ ਰਾਹੀਂ ਚਲਾਇਆ ਜਾਂ ਛੱਡਿਆ ਜਾਂਦਾ ਸੀ। ਉਹ ਬਾਣ ਜਦ ਨਿਸ਼ਾਨੇ ਤੇ ਲੱਗਦੇ ਸਨ ਤਾਂ ਲੱਗਦੇ ਹੀ ਥਾਂ ਤੇ ਹੀ ਢੇਰੀ ਕਰ ਦਿੰਦੇ ਸਨ। ਇਸ ਤਰ੍ਹਾਂ ਹੀ ਗੁਰੂਆਂ, ਪੀਰਾਂ, ਪੈਗੰਬਰਾਂ, ਸੰਤਾਂ ਮਹਾਂਪੁਰਸ਼ਾਂ, ਗੁਰਮੁੱਖ ਪਿਆਰਿਆਂ ਨੂੰ, ਜੋ ਨਾਮ ਸਿਮਰਨ ਦਾ ਅਭਿਆਸ ਕਰਦੇ-2 ਅਭਿਆਸ ਦੇ ਅਨੁਭਵ ਪ੍ਰਕਾਸ਼ ਦੁਆਰਾ ਪ੍ਰਾਪਤ ਹੋਏ ਰੱਬੀ ਗਿਆਨ ਨੂੰ ਜਦੋਂ ਰਸਨਾਂ ਦੁਆਰਾ ਸ਼ਬਦਾਂ ਦਾ ਜਾਮਾਂ ਪਹਿਨਾਇਆ ਗਿਆ । ਉਸ ਰਸਨਾਂ ਦੁਆਰਾ ਬਿਆਨ ਕੀਤੇ ਹੋਏ ਗਿਆਨ ਨੂੰ ਬਾਣੀ ਦਾ ਨਾਮ ਦਿੱਤਾ ਗਿਆ । ਸਿਮਰਨ ਅਭਿਆਸ ਦੁਆਰਾ ਕਮਾਏ ਬਚਨ ਜਦੋਂ ਰਸਨਾਂ ਦੁਆਰਾ ਬਿਆਨ ਕਰਦੇ ਹਨ ਤਾਂ ਪ੍ਰਤੱਖ ਬਾਣ ਦੀ ਨਿਆਈ ਹਿਰਦੇ ਨੂੰ ਵਿੰਨ੍ਹਦੇ ਜਾਂਦੇ ਹਨ । ਜਿਸਦੇ ਪ੍ਰਥਾਇ ਭਗਤ ਕਬੀਰ ਸਾਹਿਬ ਜੀ ਫਰਮਾਉਂਦੇ ਹਨ ।

> ਕਬੀਰ ਸਤਿਗੁਰੂ ਸੂਰਮੈ ਬਾਹਿਆ ਬਾਨੁ ਜੁ ਏਕੁ ।
> ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥

ਗੁਰਬਾਣੀ ਪਹਿਲਾਂ ਵੀ ਸੀ । ਇਤਿਹਾਸ ਗਵਾਹੀ ਦਿੰਦਾ ਹੈ ਭਾਈ ਗੁਰਦਾਸ ਜੀ ਫਰਮਾਉਂਦੇ ਹਨ :—

> ਸੁਖੁ ਰਾਜੇ ਹਰੀ ਚੰਦ ਘਰ ਨਾਰ ਸੁ ਤਾਰਾ ਲੋਚਨ ਰਾਣੀ ।
> ਸਾਧ ਸੰਗਤ ਮਿਲ ਗਾਂਵਦੇ ਰਾਤੀ ਜਾਏ ਸੁਣੈ ਗੁਰਬਾਣੀ ॥

ਇਸ ਪ੍ਰਮਾਣ ਤੋਂ ਸਿੱਧ ਹੁੰਦਾ ਹੈ ਕਿ ਬਾਣੀ ਪਹਿਲਾਂ ਵੀ ਸੀ ਜਿਤਨੀ ਵੀ ਬਾਣੀ ਰਚੀ ਗਈ ਹੈ ਸਾਰੀ ਪ੍ਰਥਾਏ ਰਚੀ ਗਈ ਹੈ । ਹਰ ਇੱਕ ਪੰਗਤੀ, ਹਰ ਇਕ ਸ਼ਬਦ ਦਾ ਇਤਿਹਾਸ ਹੈ । ਸੱਭ ਤੋਂ ਵੱਧ ਵਿਸ਼ੇਸ਼ਤਾਈ ਕਿ ਸੰਸਾਰ ਵਿੱਚ ਕੋਈ ਵੀ ਵਸਤੂ ਜਾਨਦਾਰ, ਸੂਖਮ, ਅਸਥੂਲ, ਜੜ, ਚੇਤੰਨ, ਹੋਵੇ ਹਰ ਇੱਕ ਦਾ ਵਰਨਣ ਗੁਰਬਾਣੀ ਵਿੱਚ ਆਇਆ ਹੈ। ਬੇਸ਼ਕ ਕੋਈ ਵਸਤੂ ਧਰਤੀ ਉੱਪਰ ਹੋਵੇ ਜਾਂ ਪਾਤਾਲ ਵਿੱਚ, ਪਾਣੀ ਵਿੱਚ ਜਾਂ ਅਕਾਸ਼ ਵਿੱਚ ਅਜਿਹੀ ਵਸਤੂ ਨਹੀਂ ਹੈ ਜਿਸ ਦਾ ਗੁਰਬਾਣੀ ਅੰਦਰ ਜਿਕਰ ਨਾ ਆਉਂਦਾ ਹੋਵੇ। ਅੱਜ ਸਾਇੰਸ ਦਾ ਯੁੱਗ ਹੈ ਅਤੇ ਸਾਇੰਸ ਵੀ ਗੁਰਬਾਣੀ ਨੂੰ ਮੰਨਦੀ ਹੈ ਜਿੱਥੇ ਸਾਇੰਸ ਹਜ਼ਾਰਾਂ ਸਾਲਾਂ ਤੱਕ ਨਹੀਂ ਪਹੁੰਚ ਸਕਦੀ ਧੰਨ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਨੇ 600 ਸਾਲ ਪਹਿਲਾਂ ਹੀ ਸੱਭ ਕੁਝ ਗੁਰਬਾਣੀ ਅੰਦਰ ਦਰਜ਼ ਕਰ ਦਿੱਤਾ। ਜਿਸ ਬਾਰੇ ਅੱਜ ਵੀ ਸਾਇੰਸ ਮੰਨਦੀ ਹੈ ਕਿ ਧਰਤੀ ਇਕ ਨਹੀਂ ਇਸ ਤੋਂ ਇਲਾਵਾ ਹੋਰ ਵੀ ਧਰਤੀਆਂ ਹਨ । ਚੰਦ, ਸੂਰਜ ਬਾਰੇ ਵੀ ਵਰਣਨ ਹੈ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਾਰਿਆਂ ਦਾ ਸਾਂਝਾ ਧਾਰਮਿਕ ਗ੍ਰੰਥ ਹੈ ਜਿਸਨੂੰ ਸਾਰਿਆਂ ਨੇ ਸਵੀਕਾਰ ਕੀਤਾ ਹੈ, ਮੰਨਿਆਂ ਹੈ। ਚਾਹੇ ਕੋਈ ਕਿਸੇ ਵੀ ਦੇਸ਼, ਜਾਤ, ਕੌਮ ਨਾਲ ਸੰਬੰਧ ਰੱਖਦਾ ਹੋਵੇ ਪੂਰੇ ਵਿਸ਼ਵ ਲਈ ਪੂਰੀ ਲੋਕਾਈ ਲਈ ਹੀ ਹੈ । ਭਾਰਤ ਦੀ ਸ਼ਿਰੋਮਣੀ ਅਦਾਲਤ ਸੁਪਰੀਮ ਕੋਰਟ ਨੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਦੀ ਮਾਨਤਾ ਦੇ ਕੇ ਨਵਾਂ ਹੀ ਇਤਿਹਾਸ ਰੱਚ ਦਿੱਤਾ ਹੈ। ਜੋਕਿ ਪਹਿਲਾਂ ਕਦੇ ਵੀ ਨਹੀਂ ਸੀ ਹੋਇਆ। ਸੁਪਰੀਮ ਕੋਰਟ ਨੇ ਐਲਾਨ ਕੀਤਾ ਕਿ ਕੋਈ ਵੀ ਪ੍ਰਾਪਰਟੀ ਜਾਇਦਾਦ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਉੱਪਰ ਰਜਿਸਟਰ ਕੀਤੀ ਜਾ ਸਕਦੀ ਹੈ। ਜਿਵੇਂ ਕਿ ਪ੍ਰੱਤਖ ਦੇਹ ਸਰੂਪ ਨਾਲ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿੱਚ ਹੀ ਸਤਿਕਾਰੇ ਜਾਂਦੇ ਹਨ । ਅਮਰੀਕਾ ਵਿੱਚ ਕੈਲੀਫੋਰਨੀਆਂ ਸ਼ਹਿਰ ਵਿਖੇ ਇੱਕ ਬਹੁਤ ਵੱਡੀ ਲਾਇਬ੍ਰੇਰੀ ਹੈ । ਜੋ ਕਿ ਵਿਸ਼ਵ ਦੀ ਸੱਭ ਤੋਂ ਵੱਡੀ ਲਾਇਬ੍ਰੇਰੀ ਹੈ । ਉਸ ਲਾਇਬ੍ਰੇਰੀ ਦੀ ਇਮਾਰਤ ਦੇ ਸੱਭ ਤੋਂ ਉੱਪਰਲੀ ਮੰਜਲ ਉੱਪਰ ਇੱਕ ਬਹੁਤ ਹੀ ਆਲੀਸ਼ਾਨ ਸ਼ੀਸ਼ੇ ਦਾ ਏਅਰ ਕੰਡੀਸ਼ਨ ਕਮਰਾ ਬਣਿਆ ਹੋਇਆ ਹੈ । ਉਸ ਕਮਰੇ ਵਿੱਚ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਕੀਤੇ ਹਨ ਅਤੇ ਉਸ ਕਮਰੇ ਦੇ ਬਾਹਰ ਪੰਜ ਛੇ ਭਾਸ਼ਾਂ ਵਿੱਚ ਲਿਖਿਆ ਹੋਇਆ ਕਿ **On the spirtual side this is the Greatest Religious Granth in the world** ਭਾਵ ਅਧਿਆਤਮਕ ਪੱਖ ਤੋਂ ਦੁਨੀਆਂ ਦੇ ਸੱਭ ਤੋਂ ਮਹਾਨ ਗ੍ਰੰਥ ਹਨ । ਬੇਸ਼ਕ ਉਹ ਅਜੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੇ ਦਰਜੇ

ਬਾਰੇ ਸੋਝੀ ਨਹੀਂ ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿੱਚ ਸ੍ਰੀ ਗ੍ਰੰਥ ਸਾਹਿਬ ਜੀ ਲਈ ਅਥਾਹ ਸ਼ਰਧਾ ਤੇ ਵਿਸ਼ਵਾਸ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਵਿਸ਼ਵ ਦੇ ਹੀ ਸਰਬ ਸਾਂਝੇ ਗੁਰੂ ਹਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਬੇਨਤੀ, ਵੈਰਾਗ, ਨਿਰਮਲਤਾ, ਭੈ, ਭਾਉ, ਗਿਆਨ, ਸੇਵਾ, ਸ਼ਰਧਾ ਅਤੇ ਪ੍ਰੇਮਾਂ ਭਗਤੀ ਦੇ ਅੰਮ੍ਰਿਤ ਰਸ ਨਾਲ ਭਿੱਜੀ ਹੋਈ ਪਾਵਨ ਪਵਿੱਤਰ ਬਾਣੀ ਦਰਜ ਹੈ । ਸ਼੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦੇ ਪਹਿਲੇ ਮਹਾਨ ਗ੍ਰੰਥ ਹਨ । ਇਸ ਕਰਕੇ ਹੀ ਆਦਿ ਗ੍ਰੰਥ ਦੀ ਉਪਾਧੀ ਮਿਲੀ ਹੋਈ ਹੈ। ਗੁਰਬਾਣੀ ਵਿੱਚ ਚਾਹੇ ਕੋਈ ਵੀ ਸਿੱਖ, ਇਸਾਈ, ਮੁਸਲਮਾਨ, ਬੌਧੀ, ਜੈਨੀ, ਜੋਗੀ, ਸੰਨਿਆਸੀ, ਸਰੇਵੜਾ, ਊਚ-ਨੀਚ, ਅਮੀਰ-ਗਰੀਬ ਸਾਰਿਆਂ ਲਈ ਸਰਬ ਸਾਂਝਾ ਉਪਦੇਸ਼ ਹੈ। ਜਿਸ ਜਨੇਊ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਜਿਕਰ ਆਉਂਦਾ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥

(ਆਸਾ ਜੀ ਦੀ ਵਾਰ)

ਏਸ ਜਨੇਊ ਨੂੰ ਹਰ ਕੋਈ ਪਹਿਨ ਸਕਦਾ ਹੈ। ਚਾਹੇ ਕੋਈ ਹਿੰਦੂ ਹੋਵੇ ਜਾਂ ਸਿੱਖ ਜਾਂ ਮੁਸਲਮਾਨ ਹੋਵੇ। ਜਿਹੜੀ ਨਿਮਾਜ਼ ਦਾ ਧੰਨ ਸ਼੍ਰੀ ਗੁਰੂ ਨਾਨਕ ਸਾਹਿਬ ਵਰਨਣ ਕਰਦੇ ਹਨ। ਮਾਰੂ ਮਹਲ ਪ੍ਰ ਸੋਹਲੇ।

ਮੁਸਲਮਾਨਾਂ ਤੋਂ ਇਲਾਵਾ, ਹਿੰਦੂ, ਸਿੱਖ ਇਸਾਈ ਪੀ ਪੜ੍ਹ ਸਕਦੇ ਹਨ। ਗੁਰਬਾਣੀ ਅੰਦਰ, ਕੌਮਾਂ, ਮਜ਼ਬਾਂ, ਪੰਥਾਂ, ਪਾਰਟੀਆਂ, ਦੂਈ ਦਵੈਤ ਤੋਂ ਉੱਪਰ ਉੱਠ ਕੇ ਸਿਰਫ਼ ਇੱਕ ਪਰਮਾਤਮਾ ਨਾਲ ਸੱਭ ਨੂੰ ਜੋੜਿਆ ਹੈ। ੧ਓ **God is one** ਪਰਮਾਤਮਾ ਇੱਕ ਹੈ । ਸਭਨਾਂ ਜੀਆਂ ਕਾ ਇਕੁ ਦਾਤਾ, ਆਦਿ ਅੰਤ ਏਕੈ ਅਵਤਾਰਾ, ਸਾਹਿਬ ਮੇਰਾ ਏਕੋ ਹੈ। ਭਾਈ ਏਕੋ ਹੈ। ਪ੍ਰਮੇਸ਼ਰ ਕੀ ਹੈ ? ਪ੍ਰਮੇਸ਼ਰ ਸੱਚ ਹੈ। ਸੱਚ ਜੋ ਕਦੇ ਪੁਰਾਣਾ ਨਹੀਂ ਹੁੰਦਾ, ਨਾ ਹੀ ਮੈਲਾ ਹੁੰਦਾ ਹੈ ਅਤੇ ਨਾ ਹੀ ਕਦੇ ਨਾਸ ਹੁੰਦਾ ਹੈ ।

ਸੱਚ ਪੁਰਾਣਾਂ ਨਾ ਥੀਐ ਨਾਮ ਨਾ ਮੈਲਾ ਹੋਇ॥

ਸੱਚ ਜੋ ਅੱਜ ਹੈ, ਅਰਬਾਂ ਸਾਲ ਬਾਅਦ ਵੀ ਸੱਚ ਹੀ ਹੋਵੇਗਾ। ਇਹ ਭੂਤ, ਭਵਿੱਖਤ, ਵਰਤਮਾਨ ਸਾਰੇ ਸਮਿਆਂ ਵਿੱਚ ਵਿਆਪਕ ਹੈ। ਗੁਰਬਾਣੀ ਗਿਆਨ ਦਾ ਸਾਗਰ ਹੈ ਜਿਸ ਤੋਂ ਪ੍ਰੇਰਨਾ ਮਿਲਦੀ ਹੈ ਕਿ ਕਿਵੇਂ ਸੱਚ ਦੇ ਧਾਰਨੀ ਬਣਨਾਂ ਹੈ ਕਿਵੇਂ ਸਚਿਆਰਾ ਹੋਣਾ ਹੈ, ਝੂਠ ਦੀ ਕੂੜ ਦੀ ਕੰਧ ਕਿਵੇਂ ਢੱਠੇਗੀ :—

ਕਿਵ ਸਚਿਆਰਾਂ ਹੋਈਐ, ਕਿਵ ਕੂੜੈ ਤੁਟੈ ਪਾਲਿ। (ਜਪੁਜੂ ਸਾਹਿਬ)

ਹਮੇਸ਼ਾ ਹੀ ਉੱਚੇ ਸੱਚੇ ਜੀਵਨ ਦੀ ਪ੍ਰੇਰਨਾਂ ਦਿੰਦੀ ਹੈ, ਅਗਵਾਈ ਕਰਦੀ ਹੈ । ਕੁੱਲ ਮਾਨਵਤਾ ਦਾ ਆਧਾਰ ਅਤੇ ਸੱਚ ਉੱਤੇ ਦ੍ਰਿੜ ਰਹਿਣ ਲਈ ਉਪਦੇਸ਼ ਮਿਲਦਾ ਹੈ। ਹਿਰਦੈ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਸਾੜਾ, ਨਫ਼ਰਤ, ਬਖੀਲੀ ਨੂੰ ਕੱਢ ਕੇ ਦਇਆ, ਖਿਮਾ, ਸੰਤੋਖ, ਸਬਰ, ਸ਼ੁਕਰ, ਸ਼ਾਂਤੀ, ਆਪਸੀ ਪ੍ਰੇਮ ਪਿਆਰ, ਹਮਦਰਦੀ ਆਦਿ ਗੁਣ ਗ੍ਰਹਿਣ ਕਰਨ ਲਈ ਪ੍ਰੇਰਨਾ ਮਿਲਦੀ ਹੈ। ਗੁਰਬਾਣੀ ਦੁਖੀਆਂ, ਦਰਦਵੰਦਾਂ, ਗਰੀਬਾਂ, ਅਨਾਥਾਂ ਦਾ ਆਸਰਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਪਹਿਲੇ ਗ੍ਰੰਥ ਹਨ ਜਿੰਨਾਂ ਅੰਦਰ ਹਰ ਪ੍ਰਕਾਰ ਦੀਆਂ ਵਿੱਥਾਂ ਮਿਟਾ ਕੇ ਹਰ ਧਰਮ ਨਾਲ ਸੰਬੰਧਤ ਰਹਿਣ ਲਈ ਦ੍ਰਿੜ ਕਰਵਾਇਆ ਜਾਂਦਾ ਹੈ। ਇਸ ਕਰਕੇ ਹੀ ਬਾਣੀ ਨਿਰੰਕਾਰ ਹੈ। ਜਿਸਦਾ ਸਾਨੀ ਕੋਈ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਪਹਿਲੇ ਧਾਰਮਿਕ ਗ੍ਰੰਥ ਹਨ ਜਿਸ ਵਿੱਚ ਨਾਂ ਕੇਵਲ ਸ਼੍ਰੀ ਗੁਰੂ ਨਾਨਕ ਸਾਹਿਬ ਆਦਿ ਗੁਰੂਆਂ ਦੀ ਧੁਰੋਂ ਆਈ ਬਾਣੀ ਦਰਜ਼ ਹੈ ਸਗੋਂ ਦੇਸ਼ ਭਰ ਦੇ ਭਗਤ, ਹੋਰ ਮਹਾਂਪੁਰਖਾਂ, ਸੰਤ, ਮਹਾਤਮਾ, ਜਿੰਨ੍ਹਾਂ ਦੇ ਵਿਚਾਰ ਗੁਰਬਾਣੀ ਆਸ਼ੇ ਅਨੁਸਾਰ ਸਮਬ੍ਰਿਤੀ, ਸਮਦ੍ਰਿਸ਼ਟੀ, ਕੁਲ ਮਾਨਵਤਾ ਦੀ ਭਲਾਈ ਵਾਲੇ ਸਾਰੇ ਭਗਤਾਂ ਦੀ ਬਾਣੀ ਵੀ ਦਰਜ ਹੈ। ਜਿਵੇਂ ਕੀ ਨੀਵੀਆਂ ਜਾਤਾਂ ਵਾਲੇ ਹੋਣ ਕਰਕੇ ਜਿਨ੍ਹਾਂ ਨੂੰ ਦੁਰਕਾਰਿਆ ਜਾਂਦਾ ਸੀ। ਧਾਰਮਕ ਵਿੱਦਿਆ ਪੜਨ ਪੜਾਉਣ ਦਾ ਹੱਕ ਨਹੀਂ ਸੀ ਰੱਖਦੇ ਸੂਦਰ ਜਾਤੀ ਦੇ ਹੋਣ ਕਰਕੇ ਨਫ਼ਰਤ ਕੀਤੀ ਜਾਂਦੀ ਸੀ । ਅਜਿਹੇ ਭਗਤ ਕਬੀਰ ਜੀ ਆਦਿ ਨੂੰ ਨੀਵੀਂ ਜਾਤੀ ਹੋਣ ਕਰਕੇ ਦੁਰਕਾਰਿਆ ਜਾਂਦਾ ਸੀ। ਕਈ ਪ੍ਰਕਾਰ ਦੇ ਤਸੀਹੇ ਸੰਗਲਾਂ ਨਾਲ ਬੰਨ੍ਹ ਕੇ ਗੰਗਾਂ ਵਿੱਚ ਸੁੱਟਿਆ ਗਿਆ, ਹਾਥੀ ਅੱਗੇ ਸੁੱਟੇ

ਗਏ ਪਹਾੜਾਂ ਤੋਂ ਧੱਕੇ ਮਾਰੇ ਗਏ, ਅਜਿਹੇ ਭਗਤਾਂ ਦੀ ਬਾਣੀ ਦਰਜ ਹੈ। ਭਗਤ ਨਾਮ ਦੇਵ ਜੀ ਨੂੰ ਨੀਵੀਂ ਜਾਤੀ ਹੋਣ ਕਰਕੇ ਮੰਦਰ ਵਿੱਚੋਂ ਧੱਕੇ ਮਾਰੇ ਗਏ ਸਨ। ਧੰਨ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਗਲੇ ਨਾਲ ਲਗਾਉਂਦੇ ਹਨ। ਕਿ ਆ ਨਾਮ ਦੇਵ ਤੈਨੂੰ ਮੈਂ ਆਪਣੀ ਕੋਦ ਵਿੱਚ ਬਿਠਾਉਂਦਾ ਹਾਂ। ਭਗਤ ਰਵਿਦਾਸ ਜੀ ਨੂੰ ਚੁਮਾਰ ਹੋਣ ਕਰਕੇ ਨਫ਼ਰਤ ਕੀਤੀ ਜਾਂਦੀ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਸਿਰਫ਼ ਗੋਦ ਵਿੱਚ ਹੀ ਨਹੀਂ ਬਿਠਾਇਆ ਬਲਕਿ ਗੁਰੂ ਪਦਵੀ ਵੀ ਬਖਸ਼ੀ ਹੈ ਕਿ ਤੈਨੂੰ ਸਾਰੇ ਨਮਸਕਾਰ ਕਰਿਆ ਕਰਨਗੇ। ਭਗਤ ਜੈ ਦੇਵ, ਤ੍ਰਿਲੋਚਨ ਜੀ, ਬਾਹਮਣ ਜਾਤੀ ਦੇ ਸਨ । ਰਾਮਾਨੰਦ ਜੀ ਬੈਰਾਗੀ, ਭਗਤ ਫਰੀਦ ਜੀ ਮੁਸਲਮਾਨ, ਨਾਮ ਦੇਵ ਜੀ ਛੀਂਬੇ, ਕਬੀਰ ਜੀ ਜੁਲਾਹੇ, ਅਤੇ ਭਗਤ ਰਵਿਦਾਸ ਜੀ ਚਮਾਰ, ਭਗਤ ਸੈਣ ਜੀ ਨਾਈ ਜਾਤ ਨਾਲ ਸੰਬੰਧ ਰੱਖਦੇ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਲਗਪਗ ਪੰਜ ਕੁ ਸਦੀਆਂ ਦੇ ਮਹਾਂਪੁਰਖਾਂ, ਸੰਤਾਂ, ਭਗਤਾਂ, ਪੀਰਾਂ, ਅਵਤਾਰਾਂ ਦੇ ਅੰਮ੍ਰਿਤ ਮਈ ਬਚਨਾਂ ਦਾ ਗੁਲਦਸਤਾ ਹੈ।

ਬਾਣੀ ਗੁਰੁ, ਗੁਰੁ ਹੈ ਬਾਣੀ ਦਾ ਸਿਧਾਂਤ : ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਪ੍ਰਚੱਲਤ ਹੈ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ਾਂ, ਦੇਸ਼ਾਤਰਾਂ ਵਿੱਚ ਪੈਦਲ ਯਾਤਰਾ ਕਰਕੇ ਦੁੱਖਾਂ ਕਲੇਸ਼ਾਂ ਦੀ ਅੱਗ ਵਿੱਚ ਸੜਦੀ ਹੋਈ ਲੁਕਾਈ ਨੂੰ ਗੁਰਬਾਣੀ ਦੇ ਛੱਟੇ ਮਾਰ-ਮਾਰ ਕੇ ਸ਼ਾਂਤ ਕੀਤਾ । ਧੰਨ ਸ਼੍ਰੀ ਗੁਰੂ ਨਾਨਕ ਸਾਹਿਬ ਜਦੋਂ ਸੁਮੇਰ ਪਰਬਤ ਤੇ ਸਿੱਧਾਂ ਪਾਸ ਪਹੁੰਚੇ ਜੋ ਸੰਸਾਰ ਦੀ ਮਾਇਆ ਤੋਂ ਡਰਡੇ ਹੋਏ ਪਰਬਤਾਂ ਦੀਆਂ ਕੁਦਰਾਂ ਵਿੱਚ ਛੁੱਪ ਬੈਠੇ ਤੱਪ ਕਰ ਰਹੇ ਸਨ । ਉਨ੍ਹਾਂ ਨੂੰ ਗੁਰਬਾਣੀ ਦੇ ਉਪਦੇਸ਼ ਦੁਆਰਾ ਨਿਹਾਲ ਕੀਤਾ । ਉਸ ਸਮੇਂ ਸਿੱਧਾਂ ਨੇ ਸਵਾਲ ਕੀਤਾ ਕਿ ਤੁਹਾਨੂੰ ਕਿਹੜੀ ਸ਼ਕਤੀ ਇੱਥੇ ਲੈ ਕੇ ਆਈ ਹੈ ? ਤੁਹਾਡਾ ਗੁਰੂ ਕੌਣ ਹੈ ? ਤੁਸੀਂ ਕਿਸਦੇ ਚੇਲੇ ਹੋ ? ਤਾਂ ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ ਕਿ "ਸ਼ਬਦ ਗੁਰੂ ਸੁਰਤ ਧੁੰਨ ਚੇਲਾ" ਧੰਨ ਸ੍ਰੀ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ ਬਿਰਾਜਮਾਨ ਸਨ । ਉਸ ਵੇਲੇ ਖਤ੍ਰੀ ਜਾਤ ਦੇ ਦੋ ਮੈਂਬਰ ਭਾਈ ਪ੍ਰਿਥਾ ਅਤੇ ਖੇੜਾ ਸੋਇਨੀ ਕਰਤਾਰਪੁਰ ਦਰਸ਼ਨਾਂ ਲਈ ਆਏ। ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੇ ਪੁੱਛਿਆ ਕਿ ਦੱਸੋ ਭਾਈ ਤੁਸੀਂ ਕਿਹੜੇ ਕਾਰਨਾਂ ਸਹਿਤ ਆਏ ਹੋ ਤਾਂ ਅੱਗੇ ਦੋਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਅਸਾਡੇ ਉੱਪਰ ਕ੍ਰਿਪਾ ਕਰੋ ਅਸਾਨੂੰ ਇਹ ਦਾਨ ਦੀਜੈ ਜੋ ਤੇਰਾ ਹੁਕਮ, ਭਾਣਾਂ, ਅਸਾਂ ਨੂੰ ਮਿਠਾ ਲੱਗੇ ਅਤੇ ਅਸੀਂ ਹਮੇਸ਼ਾਂ ਹੀ ਤੁਸਾਡੀ ਚਰਨ ਸ਼ਰਨ ਰਹੀਏ ਅਤੇ ਹੋਰ ਮਾਇਆ ਆਦਿ ਪਦਾਰਥਾਂ ਦੇ ਮੰਗਣ ਦੀ ਆਸ ਨਵਿਰਤ ਹੋਵੇ। ਉਸ ਵੇਲੇ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ ਕਿ "ਅਸਾਡੇ ਚਰਨ ਸਾਧ ਸੰਗਤ ਵਿੱਚ ਸਦਾ ਰਹਿੰਦੇ ਹਨ। ਤੁਸਾਂ ਸਾਧਾਂ ਦੀ ਸੇਵਾ ਕਰਨੀ ਤੇ ਧਰਮਸ਼ਾਲਾ ਦੋਇ ਵੇਲੇ ਟੁਰ ਜਾਵਨਾਂ ਅਤੇ ਸੰਤਾਂ ਵਿੱਚ ਸਤਿਗੁਰੂ ਵਿੱਚ ਅਤੇ ਪਰਮੇਸ਼ਵਰ ਵਿੱਚ ਭੇਦ ਨਹੀਂ ਜਾਨਣਾ, ਧਰਮ ਦੀ ਕਿਰਤ ਕਰਨੀ, ਅਤਿੱਥਾਂ, ਸਿੱਖਾਂ ਨਾਲ ਵੰਡ ਛੱਕਣਾ। ਪਰਮੇਸ਼ਵਰ ਦਾ ਸਿਮਰਨ ਕਰਨਾਂ ਤੁਸੀਂ ਹਮੇਸ਼ਾ ਹੀ ਸਾਡੀ ਸ਼ਰਨ ਵਿੱਚ ਰਹੋਗੇ। ਸ਼ਰੀਰ ਮੇਰਾ ਸਰਗੁਣ ਰੂਪ ਹੈ। ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ ਜੇ ਸਰੀਰ ਨਾਲ ਜੁੜੋਂਗੇ ਤਾਂ ਫਿਰ ਵਿਛੜੋਂਗੇ। ਜੇ ਸ਼ਬਦ ਨਾਲ ਜੁੜੋਂਗੇ ਤਾਂ ਕਦੇ ਵੀ ਵਿਛੋੜਾ ਨਹੀਂ ਹੋਵੇਗਾ ਕਿਉਂਕਿ ਸਰੀਰ ਬਿਨਸਨਹਾਰ ਹੈ। ਸ਼ਬਦ ਨਿਰਗੁਣ ਸਰੂਪ ਕਦੇ ਨਾਸ਼ ਨਹੀਂ ਹੁੰਦਾ। ਸ਼੍ਰੀ ਗੁਰੂ ਨਾਨਕ ਸਾਹਿਬ ਬਾਣੀ ਨੂੰ ਧੁਰ ਕੀ ਬਾਣੀ ਖਸਮ ਕੀ ਬਾਣੀ, ਸੱਚੀ ਬਾਣੀ, ਸਾਚੀ ਬਾਣੀ ਆਦਿ ਨਾਵਾਂ ਨਾਲ ਸੰਬੋਧਨ ਕਰਦੇ ਹਨ। ਜਦੋਂ ਵੀ ਕਦੇ ਬਾਣੀ ਉਚਾਰਨ ਕਰਦੇ ਹਨ ਤਾਂ ਇਹੀ ਉਚਾਰਨ ਕਰਦੇ ਹਨ ਕਿ ਭਾਈ ਮਰਦਾਨੇ ਰਬਾਬ ਛੇੜ ਬਾਣੀ ਆਈ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸ਼੍ਰੀ ਗੁਰੂ ਨਨਕ ਸਾਹਿਬ ਫਰਮਾਉਂਦੇ ਹਨ। ਉਚਾਰਨ ਕਰਦੇ ਹਨ ਇਹ ਕੋਈ ਉਨ੍ਹਾਂ ਦਾ ਆਪਣਾ ਨਿੱਜੀ ਬਿਆਨ ਨਹੀਂ ਜੋ ਕੁੱਝ ਵੀ ਹੈ, ਪਰਮੇਸ਼ਰ ਭੇਜਦਾ ਹੈ। ਉਸ ਗਿਆਨ ਨੂੰ ਆਪਣੀ ਰਸਨਾਂ ਦੁਆਰਾ ਭੀ ਫਰਮਾਉਂਦੇ ਹਨ ਕਿ

"ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ।"

(ਅੰਗ 722)

ਭਾਵ : ਜੋ ਬਾਣੀ, ਜੋ ਹੁਕਮ ਖਸਮ ਮਾਲਕ ਪਰਮੇਸ਼ਰ ਭੇਜਦਾ ਉਹੀ ਉਪਦੇਸ਼ ਦਾ ਗਿਆਨ ਨਾਨਕ ਸਾਹਿਬ ਦੱਸਦੇ ਹਨ। ਨਾਨਕ ਸਾਹਿਬ ਆਪਣੀ ਮੱਤ ਜਾਂ ਆਪਣੇ ਵੱਲੋਂ ਕੋਈ ਉਪਦੇਸ਼ ਨਹੀਂ ਦਿੰਦੇ। ਨਾ ਹੀ ਉਨ੍ਹਾਂ ਦੇ ਆਪਣੇ ਨਿੱਜੀ ਵਿਚਾਰ ਹਨ। ਜਿਵੇਂ ਪਰਮੇਸ਼ਰ ਅਕਾਲ ਪੁਰਖ ਉਨ੍ਹਾਂ ਨੂੰ ਉਪਦੇਸ਼ ਦਿੰਦਾ ਹੈ। ਉਹੀ ਕੁੱਝ ਉਹ ਫਰਮਾਉਂਦੇ ਹਨ।

'ਨਾਨਕ ਬੋਲੈ ਤਿਸਕਾ ਬੋਲਾਇਆ' (ਪੰਨਾ 1271)

ਗੁਰੂ ਨਾਨਕ ਸਾਹਿਬ ਬਾਣੀ ਨੂੰ ਮਹਾਂਪੁਰਖਾਂ ਦੀ ਬਾਣੀ ਕਹਿੰਦੇ ਹਨ। ਭਾਵ ਵੱਡੇ ਅਕਾਲ ਪੁਰਖ ਦੀ ਬਾਣੀ ਕਹਿੰਦੇ ਹਨ। ਬਾਣੀ ਨੂੰ ਪੜਨ ਤੇ ਵਿਚਾਰਨ ਵਾਲੇ ਨੂੰ ਗੁਰਮੁੱਖ ਦੀ ਪਦਵੀ ਬਖਸ਼ਸ਼ ਕਰਦੇ ਹਨ ਅਤੇ ਜੋ ਪੜ ਕੇ ਵਿਚਾਰ ਕਰੇਗਾ। ਉਸਦਾ ਨਿੱਜ ਘਰ ਭਾਵ ਪਰਮੇਸ਼ਰ (ਸੱਚ ਖੰਡ) ਵਿੱਚ ਨਿਵਾਸ ਹੋਵੇਗਾ । ਇਹ ਬਾਣੀ ਇੰਨੀ ਮਹਾਨ ਹੈ ਕਿ ਹਰ ਕੋਈ ਹੀ ਨਹੀਂ ਸਮਝ ਸਕੇਗਾ ਕਿਸੇ ਵਿਰਲੇ ਗੁਰਮੁੱਖ ਨੂੰ ਹੀ ਬਾਣੀ ਦੀ ਸੋਝੀ ਆਵੇਗੀ। ਕਿਉਂਕਿ ਬਾਣੀ ਬਹੁੱਤ ਉੱਚੀ ਅਤੇ ਮਹਾਨ ਹੈ। ਹਰ ਕੋਈ ਅਸਾਨੀ ਨਾਲ ਇਸ ਨੂੰ ਸਮਝ ਨਹੀਂ ਸਕੇਗਾ ਜੱਦ ਤੱਕ ਕੋਈ ਸਿਮਰਨ ਅਭਿਆਸ ਨਹੀਂ ਕਰਦਾ। ਮਹਾਰਾਜ ਜੀ ਫਰਮਾਉਂਦੇ ਹਨ।

ਇਹ ਬਾਣੀ ਬਿਰਲੋ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾਂਪੁਰਖ ਕੀ ਨਿੱਜ ਘਰਿ ਵਾਸਾ ਹੋਇ ।

(ਪੰਨਾ 935)

ਜਦੋਂ ਗੁਰੂ ਨਾਨਕ ਸਾਹਿਬ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਪੂਰੀ ਪ੍ਰਿਥਵੀ ਭਾਵ ਕੁੱਲ ਲੋਕਾਈ ਹੀ, ਪਾਪਾਂ, ਤਿਸ਼ਨਾਂ, ਵਿਸ਼ੇ ਵਿਕਾਰਾਂ, ਸਾੜਾ, ਨਫ਼ਰਤਾਂ, ਹਉਮੈ ਬਖੀਲੀ ਵੈਰ ਵਿਰੋਧ ਦੀ ਅੱਗ ਵਿੱਚ ਸੜ ਰਹੀ ਹੈ ਅਤੇ ਸੰਸਾਰ ਵਿੱਚ ਕੋਈ ਵੀ ਠੰਢ ਪਾਉਣ ਵਾਲਾ ਨਜ਼ਰ ਨਹੀਂ ਆਉਂਦਾ।

ਥੰਮੇ ਨਾ ਕੋਈ ਸਾਧ ਬਿਨ, ਸਾਧ ਨ ਦਿਸੈ ਜਗਤ ਵਿੱਚ ਕੋਆ॥

ਉਸ ਵੇਲੇ ਜਗਤ ਜਲੰਦੇ ਨੂੰ ਠੰਢ ਪਾਉਣ ਲਈ ਉਦਾਸੀ ਭੇਖ ਧਾਰ ਕੇ ਆਪ ਨਰਾਇਣ ਕਲਾਧਾਰ ਪਰਮੇਸ਼ਰ ਨੇ ਸਰਗੁਣ ਸਰੂਪ ਧਾਰ ਕੇ ਚੜਿਆਂ ਸੋਧਨ ਧਰਤ ਲੋਕਾਈ ਲਈ ਭਾਈ ਮਰਦਾਨੇ ਨੂੰ ਨਾਲ ਲੈ ਕੇ ਚਾਲੇ ਪਾ ਦਿੱਤੇ। ਸਤਿਗੁਰਾਂ ਨੇ ਬਾਣੀ ਦੇ ਬਾਣ ਮਾਰ-ਮਾਰ ਕੇ ਕੌਡੇ ਰਾਖ਼ਸ਼ ਵਰਗੇ, ਬਲੀ ਕੰਧਾਰੀ ਜਿਹੇ ਹੰਕਾਰੀ ਨੂੰ ਸੱਜਣ ਠੱਗ ਜਿਹੇ ਠੱਗਾਂ ਨੂੰ ਸਿੱਧੇ ਰਸਤੇ ਪਾਇਆ। ਬਾਬਰ ਜਿਹੇ ਜਾਬਰਾਂ ਨੂੰ ਜਿਨਾਂ ਦੇ ਅੱਗੇ ਤੋਪਾਂ ਦੇ ਮੂੰਹ ਨੀਵੇਂ ਹੋ ਜਾਂਦੇ ਸਨ। ਮੂੰਹ ਬੰਦ ਹੋ ਜਾਂਦੇ ਸਨ ਧੁਰ ਕੀ ਬਾਣੀ ਦੇ ਬਾਣ ਮਾਰ ਕੇ ਸਿੱਧੇ ਰਸਤੇ ਪਾਇਆ । ਸਤਿਗੁਰਾਂ ਨੇ ਸਿਰਫ ਹਿੰਦੁਸਤਾਨ ਦੀ ਨਹੀਂ ਬਲਕਿ ਅਫ਼ਗਨਸਤਾਨ, ਮੱਕਾ ਮਦੀਨਾਂ, ਚੀਨ, ਨੇਪਾਲ, ਸ਼੍ਰੀ ਲੰਕਾ, ਸੁਮੇਰ ਪਰਬਤ ਤੱਕ ਪੈਦਲ ਜਾ ਕੇ ਬਾਣੀ ਦੇ ਨਾਲ ਪ੍ਰਮੇਸ਼ਰ ਨਾਲ ਜੋੜਿਆ। ਇਸ ਕਰਕੇ ਹੀ ਗੁਰੂ ਨਾਨਕ ਸਾਹਿਬ ਨੂੰ ਸੱਭ ਤੋਂ ਵੱਡੇ ਹੋਣ ਦਾ ਖਿਤਾਬ, ਸੱਭ ਤੋਂ ਵੱਡਾ ਸਤਿਗੁਰੂ ਨਾਨਕ ਜਾਹਰ ਪੀਰ ਅਤੇ ਪੂਰੇ ਜਗਤ ਸੰਸਾਰ ਦਾ ਜਗਤ ਗੁਰ ਬਾਬਾ ਅਨੰਤ ਕਲਾਂ ਦੇ ਮਾਲਕ, ਅਨੰਤ ਕਲਾ ਲੈ ਠਾਕਰ ਚੜਿਆ ਆਦਿ। ਸ਼੍ਰੀ ਗੁਰੂ ਨਾਨਕ ਸਾਹਿਬ ਸੰਸਾਰ ਦੇ ਪਹਿਲੇ ਰਬਿਹਰ ਅਵਤਾਰ ਹੋਏ ਹਨ ਜਿਨ੍ਹਾਂ ਨੂੰ ਸਾਰਿਆਂ ਨੇ ਹੀ ਮੰਨਿਆ ਹੈ । ਚਾਹੇ ਕੋਈ ਹਿੰਦੂ ਹੈ, ਸਿੱਖ, ਮੁਸਲਮਾਨ, ਈਸਾਈ, ਪੁੰਨੀ, ਪਾਪੀ, ਕਾਜ਼ੀ, ਬ੍ਰਾਹਮਣਾਂ-ਸਾਰਿਆਂ ਦੇ ਸਾਂਝੇ ਪੀਰ, ਰਹਿਬਰ, ਸਾਂਝੇ ਬਾਬੇ, ਸਾਰਿਆਂ ਦੇ ਬਾਬਾ, ਗੁਰੂ ਪੀਰ ਮੰਨੇ ਗਏ ਹਨ । ਉਨ੍ਹਾਂ ਦਾ ਉਪਦੇਸ਼ ਚਹੁੰ ਵਰਨਾਂ ਕਉ ਸਾਂਝਾ । "ਖਤ੍ਰੀ, ਬ੍ਰਾਹਮਣ, ਸੂਦ, ਵੈਸ਼, ਉਪਦੇਸ਼, ਚੰਹੁ ਵਰਨਾਂ ਕਉ ਸਾਂਝਾ।"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਬਾਣੀ ਰਚੀ ਸੀ । ਉਹ ਪੋਥੀ ਉਹ ਖਜਾਨਾਂ ਦੂਸਰੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਨੂੰ ਸੌਂਪਿਆ । ਭਾਈ ਗੁਰਦਾਸ ਜੀ ਨੇ ਮੱਕੇ ਦੀ ਯਾਤਰਾ ਦੌਰਾਨ ਉਸ ਬਾਣੀ ਦੀ ਪੋਥੀ ਦਾ ਜਿਕਰ ਕੀਤਾ ਹੈ ਕਿ ਆਸਾ ਹੱਥ ਕਿਤਾਬ ਕੱਛ, ਇਹੀ ਬਾਣੀ ਦੀ ਹੀ ਪੋਥੀ ਦਾ ਹੀ ਜਿਕਰ ਹੈ ।

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਨਾਨਕ ਇੱਕ ਵਿਚਾਰ ਆਖਦਾ ਹੈ ਕਿ ਜਿਹੜਾ ਵੀ ਪੁਰਸ਼ ਬਾਣੀ ਨਾਲ ਪ੍ਰੇਮ ਕਰੇਗਾ ਉਹ ਮੁਕਤੀ ਦੇ ਦਰਵਾਜ਼ੇ ਨੂੰ ਪ੍ਰਾਪਤ ਹੋਵੇਗਾ । ਇਹ ਬਾਣੀ (ਸ਼ਬਦ) ਸੱਭ ਤੋਂ ਸਰੇਸ਼ਟ ਹੈ ਸ਼ਿਰੋਮਣੀ ਹੈ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲਣਾ ਕਰੋ ।

ਭਨਤਿ ਨਾਨਕੁ ਕਰੇ ਵੀਚਾਰੁ, ਸਾਚੀ ਬਾਣੀ ਸਿਉ ਧਰੇ ਪਿਆਰੁ॥
ਤਾਕੋ ਪਾਵੈ ਮੋਖ ਦੁਆਰੁ॥ ਜਪੁ ਤਪੁ ਸਭੁ ਇਹੁ ਸ਼ਬਦੁ ਹੈ ਸਾਰੁ॥

(ਪੰਨਾ 661)

ਅਤੇ ਮਹਾਰਾਜ ਜੀ ਉਪਦੇਸ਼ ਦਿੰਦੇ ਹੋਏ ਸਮਝਾਉਂਦੇ ਹਨ ਕਿ ਭਾਈ ਸ਼ਬਦ ਗੁਰਬਾਣੀ ਦੁਆਰਾ ਹੀ ਵਾਹਿਗੁਰੂ ਨੂੰ ਪਾਇਆ ਜਾ ਸਕਦਾ ਹੈ । ਗੁਰਬਾਣੀ ਦੁਆਰਾ ਹੀ ਨਾਮ ਨਾਲ ਪਿਆਰ ਲੱਗਦਾ ਹੈ।

ਸ਼ਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ (ਪੰਨਾ 58)

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਹੇ ਵਾਹਿਗੁਰੂ ਨਿਰੰਕਾਰ ਪ੍ਰਮਾਤਮਾ ਮੈਂ ਉਹੀ ਗੱਲ ਕਹੀ ਹੈ ਜੋ ਤੁਸੀਂ ਮੈਨੂੰ ਆਖਣ ਲਈ ਕਿਹਾ ਸੀ । ਜੋ ਕੁੱਝ ਵੀ ਮੈਂ ਆਖਦਾ ਹਾਂ ਇਹ ਮੇਰੀ ਆਪਣੀ ਗੱਲ ਨਹੀਂ ਹੈ। ਨਾ ਹੀ ਮੇਰੀ ਆਖਣੀ ਹੈ। ਜੋ ਪ੍ਰਮਾਤਮਾ ਵੱਲੋਂ ਹੁਕਮ ਹੁੰਦਾ ਹੈ ਉਹੀ ਗੱਲ ਆਖਦਾ ਹਾਂ ।

ਤਾਂ ਮੈਂ ਕਹਿਆ ਕਹਣੁ ਜਾ ਤੁਝੈ ਕਹਾਇਆ ॥ (ਪੰਨਾ 566)

ਗੁਰੂ ਨਾਨਕ ਦੇਵ ਜੀ ਭਾਈ ਲਾਲੋ ਨੂੰ ਸਮਝਾਉਂਦੇ ਹਨ ਕਿ ਭਾਈ ਲਾਲੋ ਜਿਵੇਂ-ਜਿਵੇਂ ਮਾਲਕ, ਨਿਰੰਕਾਰ, ਪਰਮਾਤਮਾ ਵਲੋਂ ਮੈਨੂੰ ਬਾਣੀ ਆਉਂਦੀ ਹੈ ਮੈਂ ਉਹੀ ਬਿਆਨ ਕਰ ਰਿਹਾ ਹਾਂ ਜੋ ਕੁੱਝ ਵੀ ਮੈਂ ਬੋਲ ਰਿਹਾ ਹਾਂ, ਪ੍ਰਚਾਰ ਕਰ ਰਿਹਾ ਹਾਂ ਜਾਂ ਉਪਦੇਸ਼ ਦੇ ਰਿਹਾ ਹਾਂ, ਇਹ ਸੱਭ ਕੁੱਝ ਪ੍ਰਮੇਸ਼ਰ ਵਲੋਂ ਆ ਰਿਹਾ ਹੈ। ਮੇਰਾ ਆਪਣਾ ਕੋਈ ਨਿੱਜੀ ਗਿਆਨ ਜਾਂ ਵਿਚਾਰ ਨਹੀਂ ਹੈ। ਜਿਵੇਂ-ਜਿਵੇਂ ਪ੍ਰਮੇਸ਼ਰ ਮੈਨੂੰ ਬਾਣੀ ਭੇਜਦਾ ਹੈ ਉਹ ਹੀ ਮੈਂ ਸੰਸਾਰ ਨੂੰ ਗਿਆਨ ਕਰਵਾ ਰਿਹਾ ਹਾਂ।

ਜੈਸੀ ਮੈਂ ਆਵੈ ਖਸਮ ਕੀ ਬਾਣੀ।<br>
ਤੈਸੜਾ ਕਰੀ ਗਿਆਨੁ ਵੇ ਲਾਲੋ।। (ਪੰਨਾ 722)

ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁਜੀ ਸਾਹਿਬ ਨੂੰ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਰਾਹੀਂ ਤਰਤੀਬ ਕਰਵਾ ਕੇ ਲਿਖਵਾਇਆ ਅਤੇ ਜਿਤਨੀ ਵੀ ਬਾਣੀ ਰਚੀ ਗਈ ਉਹ ਅੱਗੇ ਤੀਸਰੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ ਗਈ। ਤੀਸਰੇ ਪਾਤਸ਼ਾਹ ਜੀ ਫਰਮਾਉਂਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੱਖਣੀ ਓਕਾਂਰ ਬਾਣੀ ਵਿੱਚ ਫਰਮਾਉਂਦੇ ਹਨ ਕਿ ਜਿਸਨੇ ਵੀ ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ ਹੈ ਪ੍ਰਮੇਸ਼ਰ ਨੂੰ ਪਾਇਆ ਹੈ ਸੁੰਦਰ ਬਾਣੀ ਦੁਆਰਾ ਹੀ ਪਾਇਆ ਗੁਰਬਾਣੀ ਦੇ ਸ਼ਬਦ ਦੀ ਵਿਚਾਰ ਦੁਆਰਾ ਹੀ ਪਾਇਆ ।

ਰੂੜੀ ਬਾਣੀ ਹਰਿ ਪਾਇਆ, ਗੁਰਸ਼ਬਦੀ ਵੀਚਾਰਿ ॥ (ਪੰਨਾ 937)

ਸ਼੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ ਹੇ ਬਾਣੀ ਤੂੰ ਵਾਹ-ਵਾਹ ਤੂੰ ਧੰਨਤਾ ਦੇ ਯੋਗ ਹੈ ਤੂੰ ਨਿਰੰਕਾਰ ਦਾ ਰੂਪ ਹੈ। ਨਿਰੰਕਾਰ ਤੋਂ ਆਈ ਹੈ। ਬਾਣੀ ਤੋਂ ਵੱਡਾ ਹੋਰ ਕੋਈ ਨਹੀਂ ਹੋ ਸਕਦਾ। ਹੇ ਬਾਣੀ ਤੂੰ ਸੱਭ ਤੋਂ ਵੱਡੀ ਹੈ ਸਰੇਸ਼ਟ ਹੈ, ਸ਼ਿਰੋਮਣੀ ਹੈ ਸੱਭ ਤੋਂ ਉੱਚੀ ਹੈ।

ਵਾਹੁ-ਵਾਹੁ ਬਾਣੀ ਨਿਰੰਕਾਰ ਹੈ।

ਤਿਸੁ ਜੇਵਡੁ ਅਵਰੁ ਨ ਕੋਈ ॥ (ਪੰਨਾ 515)

ਅਤੇ ਉਚਾਰਨ ਕਰਦੇ ਹਨ ਕਿ ਗੁਰਬਾਣੀ ਸੰਸਾਰ ਪੂਰੇ ਜਗਤ ਨੂੰ ਪ੍ਰਕਾਸ਼ ਦੇ ਰਹੀ ਹੈ ਪ੍ਰੰਤੂ ਮਨ ਵਿੱਚ ਕਰਮਾਂ ਨਲ ਹੀ ਵਸਦੀ ਹੈ।

ਗੁਰਬਾਣੀ ਇਸੁ ਜਗਤ ਮਹਿ ਚਾਨਣੁ।

ਕਰਮਿ ਵਸੇ ਮਨਿ ਆਇ ॥ (ਪੰਨਾ 67)

ਨਿਥਾਣਿਆਂ ਦਾ ਥਾਉ ਨਿਮਾਣਿਆਂ ਦੇ ਮਾਣ ਨਿਤਾਣਿਆਂ ਦੇ ਤਾਣ ਸੇਵਾ ਦੀ ਮਿਸਾਲ। ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ ਇਹ ਬਾਣੀ ਪੂਰੇ ਗੁਰੂ ਭਾਵ ਪਰਮਾਤਮਾ ਅਕਾਲ ਪੁਰਖ ਦੀ ਹੈ। ਇਹ ਬਾਣੀ ਸੱਚੀ ਹੈ। ਮਨ ਨੂੰ ਸੁੱਖ ਦੇਣ ਵਾਲੀ ਅਤੇ ਸਹਿਜ ਵਿੱਚ ਸਮਾਉਣ ਦੀ ਬਖਸ਼ਸ਼ ਕਰਦੀ ਹੈ ਅਤੇ ਸੁੱਖਾਂ ਦੀ ਦਾਤੀ ਹੈ।

ਪੂਰੇ ਗੁਰ ਕੀ ਸਾਚੀ ਬਾਣੀ।

ਸੁੱਖ ਮਨ ਅੰਤਰਿ ਸਹਜਿ ਸਮਾਣੀ। (ਪੰਨਾ 663)

ਅਤੇ ਫਰਮਾਉਂਦੇ ਹਨ ਗੁਰਬਾਣੀ ਸੁਣਨ ਨਾਲ ਹਿਰਦੇ ਦੀ ਮੈਲ ਉੱਤਰ ਜਾਂਦੀ ਹੈ ਅਤੇ ਹਿਰਦੇ ਨੂੰ ਸਾਫ਼ ਕਰਕੇ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿੱਚ ਵਸਾ ਦਿੰਦੀ ਹੈ।

ਗੁਰਬਾਣੀ ਸੁਣਿ ਮੈਲੁ ਗਵਾਏ।
ਸਹਜੇ ਹਰਿ ਨਾਮੁ ਮੰਨਿ ਵਸਾਏ॥ (ਪੰਨਾ 665)
ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ।
ਤੇਹਾ ਹਉ ਕਰੀ ਵਖਿਆਨੁ॥ (ਪੰਨਾ ਪ 734)

ਸੋਢੀ ਸੁਲਤਾਨ ਚੌਥੇ ਪਾਤਸ਼ਾਹ ਧੰਨ ਸ੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ। ਹੇ ਪਰਮੇਸ਼ਰ ਆਕਾਲ ਪੁਰਖ ਗੁਰੂ ਨਾਨਕ ਦੇਵ ਜੀ ਦਾਸ ਤਾਂ ਤੇਰੇ ਦਾਸਾਂ ਦਾ ਵੀ ਦਾਸ ਹੈ । ਜਿਸ ਤਰ੍ਹਾਂ ਤੁਸੀਂ ਪ੍ਰੇਰਨਾ ਦਿੰਦੇ ਹੋ। ਜਿਸ ਤਰ੍ਹਾਂ ਤੁਹਾਨੂੰ ਪ੍ਰਵਾਨ ਹੈ ਜੋ ਕੁਝ ਤੁਸੀਂ ਖੁਦ ਕਰਵਾ ਰਹੇ ਹੋ ਮੈਂ ਉਹੀ ਕੁੱਝ ਕਰ ਰਿਹਾ ਹਾਂ। ਮੇਰੀ ਆਪਣੀ ਕੋਈ ਮੱਤ ਨਹੀਂ ਵਿਚਾਰ ਨਹੀਂ ਹੈ ਅਤੇ ਮਹਾਰਾਜ ਜੀ ਗੁਰਬਾਣੀ ਦੇ ਪ੍ਰਥਾਏ ਉਪਦੇਸ਼ ਕਰਦੇ ਹਨ ਕਿ ਸਤਿਗੁਰਾਂ ਦੀ ਬਾਣੀ ਪਰਮੇਸ਼ਰ ਆਕਾਲ ਪੁਰਖ ਦਾ ਹੀ ਸਰੂਪ ਹੈ । ਇਸ ਲਈ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲ ਕੇ ਗੁਰਬਾਣੀ ਦਾ ਹੀ ਰੂਪ ਬਣਨਾ ਕਰੋ ।

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ। (ਪੰਨਾ 304)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬਚਨ ਕਰਦੇ ਹਨ ਕਿ ਸਤਿਗੁਰੂ ਆਕਾਲ ਪੁਰਖ ਅਤੇ ਉਸਦੇ ਬਚਨ ਭਾਵ ਬਾਣੀ ਇੱਕ ਹੀ। ਕੋਈ ਭੇਦ ਜਾਂ ਵਖਰੇਵਾ ਨਹੀਂ ਹੈ। ਬਚਨ ਭਾਵ ਬਾਣੀ ਮੁਕਤੀ ਦੇ ਰਾਹ ਦੀ ਜਣਾਈ ਕਰਵਾਉਂਦੀ ਹੈ।

ਨੌਂਵੇਂ ਪਾਤਸ਼ਾਹ ਹਿੰਦ ਦੀ ਚਾਦਰ, ਤੇਗ ਦੇ ਧਨੀ ਤਿਆਗ ਵੈਰਾਗ ਦੀ ਮੂਰਤ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਤਿਲੰਗ ਰਾਗ ਵਿੱਚ ਉਚਾਰਨ ਕਰਦੇ ਹੋਏ ਉਪਦੇਸ਼ ਦਿੰਦੇ ਹੋਏ ਸਮਝਾਉਂਦੇ ਹਨ ਕਿ ਐ ਦੁਨੀਆਂ ਦੇ ਲੋਕੋ ਹੇ ਭਾਈ ਤੇ ਗੁਰ ਸਿੱਖੋ। ਜਿਸ ਪ੍ਰਕਾਰ ਗੁਰਾਂ ਨੇ ਅਸਾਨੂੰ ਉਪਦੇਸ਼ ਦਿੱਤੇ ਹਨ ਉਹੀ ਉਪਦੇਸ਼ ਮੈਂ ਤੁਹਾਨੂੰ ਸੁਣਾ ਰਿਹਾ ਹਾਂ । ਤੁਸੀਂ ਉਪਦੇਸ਼ ਸੁਣਨਾ ਕਰੋ ਅਤੇ ਮੈਂ ਪੁਕਾਰ-ਪੁਕਾਰ ਕੇ ਕਹਿ ਰਿਹਾ ਹਾਂ ਕਿ ਪਰਮਾਤਮਾ ਦੀ ਸ਼ਰਣ ਵਿੱਚ ਪਿਆ ਕਰੋ ।

ਜਿਹ ਬਿਧਿ ਗੁਰ ਉਪਦੇਸ਼ਿਆ ਸੋ ਸੁਨੁ ਰੇ ਭਾਈ।
ਨਾਨਕ ਕਹਤ ਪੁਕਾਰਿ ਕੈ, ਗਹੁ ਪ੍ਰਭ ਸਰਨਾਈ॥
(ਤਿਲੰਗ ਮਹਲਾ ੧ ਪੰਨਾ 727)

'ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ। (1309)

ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਬਚਨ ਕਰਦੇ ਹਨ ਕਿ ਹੇ ਭਾਈ ਪੂਰੇ ਸੰਸਾਰ ਅੰਦਰ ਹਰ ਜਗ੍ਹਾ ਬਾਣੀ ਹੀ ਵਰਤ ਰਹੀ ਹੈ ਅਤੇ ਸਮਝਾਉਂਦੇ ਹਨ ਨਾਮ ਦੀ ਪ੍ਰਾਪਤੀ ਤਾਂ ਪਰਮੇਸ਼ਵਰ ਅਕਾਲ ਪੁਰਖ ਨਾਲ ਅਭੇਦ ਹੋਣ ਲਈ ਵਾਹਿਗੁਰੂ ਦੇ ਦਰਸ਼ਨ ਕਰਨ ਲਈ ਹੋਰ ਕੋਈ ਸਾਧਨ ਨਹੀਂ। ਕੇਵਲ ਤੇ ਕੇਵਲ ਬਾਣੀ ਹੀ ਹੈ ਜਿਸ ਤੋਂ ਨਾਮ ਦੀ ਪ੍ਰਾਪਤੀ ਕਰਕੇ ਪ੍ਰਮੇਸ਼ਰ ਨਾਲ ਅਭੇਦ ਹੋ ਜਾਈਦਾ ਹੈ । ਨਾਮ ਦੀ ਪ੍ਰਾਪਤੀ ਬਾਣੀ ਤੋਂ ਹੀ ਹੁੰਦੀ ਹੈ।

ਗੁਰਬਾਣੀ ਵਰਗੀ ਜਗ ਅੰਤਰਿ
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥ (ਪੰਨ 1066)

ਮਹਾਰਾਜ ਪਾਤਸ਼ਾਹੀ ਤੀਸਰੀ ਗੁਰਬਾਣੀ ਅੰਦਰ ਫਰਮਾਉਂਦੇ ਹਨ ਕਿ ਹੇ ਨਾਨਕ ਜਿਸਨੇ ਵੀ ਹਰੀ ਪਰਮਾਤਮਾ ਨੂੰ ਪਾਇਆ ਹੈ ਗੁਰਬਾਣੀ ਦੇ ਰਾਹੀਂ ਹੀ ਪਾਇਆ ਹੈ। ਗੁਰਬਾਣੀ ਰਾਹੀਂ ਵਾਰਿਗੁਰੂ ਹਰੀ ਦਾ ਜਾਪ ਕਰਕੇ ਪਰਮੇਸ਼ਵਰ ਵਿੱਚ ਹੀ ਸਮਾ ਜਾਂਦਾ ਹੈ।

ਨਾਨਕ ਗੁਰਬਾਣੀ ਹਰਿ ਪਾਇਆ
ਹਰਿ ਜੁਪ ਜਾਪਿ ਸਮਾਹਾ ਹੇ (1058)

ਸ਼੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ ਇਹ ਗੁਰਬਾਣੀ, ਧੁਰੋਂ ਆਈ ਬਾਣੀ ਨੂੰ ਜਿਹੜਾ ਵੀ ਪੁਰਸ਼ ਦਿਲੋਂ ਜਾਣੇਗਾ ਭਾਵ ਤਹਿ ਦਿਲੋਂ ਜਾਣ ਕੇ ਪ੍ਰੇਮ ਕਰੇਗਾ ਅਤੇ ਆਪਣੇ ਜੀਵਨ ਨੂੰ ਗੁਰਬਾਣੀ ਆਸ਼ੇ ਮੁਤਾਬਕ ਢਾਲੇਗਾ ਉਸਦੇ ਅੰਦਰ ਵਾਹਿਗੁਰੂ ਦਾ ਨਾਮ ਵਸ ਜਾਵੇਗਾ ।

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥ (797)

ਮਹਾਰਾਜ ਤੀਸਰੇ ਪਾਤਸ਼ਾਹ ਸੇਵਾ ਕੀ ਮੂਰਤ ਨਿਥਾਵਿਆ ਦੇ ਥਾਉ ਸਤਿਗੁਰੂ ਗੁਰਬਾਣੀ ਦੀ ਮਹਿਮਾ ਵਰਣਨ ਕਰਦੇ ਹੋਏ ਫਰਮਾਉਂਦੇ ਹਨ ਕਿ ਜਿਹੜਾ ਵੀ ਗੁਰਬਾਣੀ ਨਾਲ ਪਿਆਰ ਕਰੂ ਭਾਵ ਪ੍ਰੇਮ ਨਾਲ ਆਪਣੇ ਜੀਵਨ ਤੇ ਢਾਲੇਗਾ, ਗੁਰਬਾਣੀ ਅਨੁਸਾਰ ਹੀ ਹੋਵੇਗਾ । ਇਹ ਗੁਰਬਾਣੀ ਲੋਕ ਪਰਲੋਕ ਵਿੱਚ ਸਹਾਇਤਾ ਕਰੂਗੀ ਭਾਵ ਸਹਾਈ ਹੋਵੇਗੀ ।

ਗੁਰ ਕੀ ਬਾਣੀ ਸਿਉ ਲਾਇ ਪਿਆਰੁ
ਐਥੈ ਓਥੈ ਏਹੁ ਆਧਾਰੁ॥ (ਪੰਨਾ 1335)

ਗੁਰੂ ਅਮਰਦਾਸ ਜੀ ਮਹਾਰਾਜ ਧਨਾਸਰੀ ਰਾਗ ਵਿੱਚ ਬਾਣੀ ਉਚਾਰਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਹ ਗੁਰਬਾਣੀ ਪੂਰੈ ਗੁਰੂ ਨਿਰੰਕਾਰ, ਪਰਮੇਸ਼ਰ ਦੀ ਬਾਣੀ ਸਾਚੀ ਹੈ। ਇਹ ਬਾਣੀ ਦੁਆਰਾ ਮਨ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਹਿਜ ਅਵਸੱਥਾ ਵਿੱਚ ਸਮਾਉਣ ਲਈ ਸਹਾਇਕ ਹੁੰਦੀ ਹੈ । ਗੁਰਬਾਣੀ ਦੁਆਰਾ ਹੀ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ।

ਪੂਰੇ ਗੁਰ ਕੀ ਸਾਚੀ ਬਾਣੀ॥
ਸੁਖਮਨਿ ਅੰਤਰਿ ਸਹਜਿ ਸਮਾਣੀ॥ (ਪੰਨਾ 663)

ਗੁਰੂ ਜੀ ਫਰਮਾਉਂਦੇ ਹਨ ਕਿ ਇਹ ਗੁਰਬਾਣੀ ਨਿਰੰਕਾਰ, ਪ੍ਰਮਾਤਮਾ ਅਕਾਲ ਪੁਰਖ ਵਾਹਿਗੁਰੂ ਦੀ ਬਾਣੀ ਹੈ। ਇਹ ਪੂਰੇ ਪਰਮੇਸ਼ਰ ਤੋਂ ਹੀ ਆਈ ਹੈ। ਜਿਹੜਾ ਜੀਵ ਇਸ ਤੇ ਪ੍ਰੇਮ ਸ਼ਰਧਾ ਨਾਲ ਆਪਣਾ ਜੀਵਨ ਢਾਲਦਾ ਹੈ ਉਹ ਸੱਚ ਵਿੱਚ ਹੀ ਸਮਾ ਜਾਂਦਾ ਹੈ ਕਿਉਂਕਿ ਬਾਣੀ ਵੀ ਸੱਚੀ ਹੈ ਸੱਚੇ ਪਾਸੋਂ ਹੀ ਆਈ ਹੈ । ਇਸ ਲਈ ਜਿਹੜਾ ਵੀ ਬਾਣੀ ਨਾਲ ਜੁੜਦਾ ਹੈ ਉਹ ਸੱਚੇ ਪਰਮਾਤਮਾ ਨਾਲ ਹੀ ਜੁੜ ਜਾਂਦਾ ਭਾਵ ਸਮਾ ਜਾਂਦਾ ਹੈ। ਅਭੇਦ ਹੋ ਜਾਂਦਾ ਹੈ।

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥

ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਚੌਥੇ ਨਾਨਕ ਗੁਰਬਾਣੀ ਦੇ ਪ੍ਰਥਾਏ ਉਚਾਰਨ ਕਰਦੇ ਹਨ ਕਿ ਜਿੰਨ੍ਹਾਂ ਨੂੰ ਗੁਰਬਾਣੀ ਮਿੱਠੀ ਲੱਗਦੀ ਹੈ ਉਨ੍ਹਾਂ ਦੇ ਸੱਭ ਪਾਪ ਵਿਸ਼ੇ ਵਿਕਾਰ ਦੂਰ ਹੋ ਜਾਂਦੇ ਹਨ। ਹਉਮੈ ਰੋਗ ਦਾ ਨਾਸ਼ ਕਰਕੇ ਸਹਿਜ ਅਵਸਥਾ ਵਿੱਚ ਸਮਾ ਜਾਂਦੇ ਹਨ ।

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ
ਹਉਮੈ ਰੋਗੁ ਗਇਆ ਭਉ ਭਾਗਾ, ਸਹਜੇ ਸਹਜਿ ਮਿਲਾਇਆ॥
(ਪੰਨਾ 773)

ਅਤੇ ਮਹਾਰਾਜ ਚੌਥੇ ਪਾਤਸ਼ਾਹ ਫਰਮਾਉਂਦੇ ਹਨ ਕਿ ਜਿੰਨ੍ਹਾਂ ਨੇ ਗੁਰ ਦੀ ਬਾਣੀ ਨੂੰ ਗਾਇਆ ਹੈ ਹਿਰਦੇ ਤੋਂ ਗੁਰਬਾਣੀ ਦਾ ਪਾਠ ਕੀਤਾ ਹੈ ਉਨ੍ਹਾਂ ਨੇ ਪਰਮਾਤਮਾ ਨੂੰ ਪਾਇਆ ਹੈ। ਜਿਨ੍ਹਾਂ ਨੇ ਬਾਣੀ ਨੂੰ ਗਾਇਆ ਉਸ ਨੂੰ ਸਤੁ, ਸੰਤੋਖੁ ਦਇਆ, ਖਿਮਾਂ, ਧੀਰਜ ਪੰਜੋ ਗੁਣ ਪ੍ਰਾਪਤ ਹੋ ਜਾਂਦੇ ਹਨ । ਗੁਰਬਾਣੀ ਗਾਉਣ ਨਾਲ ਕ੍ਰੋਧ ਤੇ ਮੋਹ ਮਾਇਆ ਆਦਿ ਦਾ ਅਸਰ ਦੂਰ ਹੋ ਜਾਂਦਾ ਹੈ ਅਤੇ ਹਰ ਪ੍ਰਕਾਰ ਦੇ ਭਰਮ, ਵਹਿਮਾਂ, ਪਖੰਡਾਂ ਦਾ ਨਾਸ਼ ਹੋ ਜਾਂਦਾ ਹੈ।

ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਫਰਮਾਉਂਦੇ ਹਨ ਕਿ :—

"ਬਾਣੀ ਗੁਰੂ, ਗੁਰੂ ਹੈ ਬਾਣੀ"

ਬਾਣੀ ਹੀ ਗੁਰੂ ਸਰੂਪ ਹੈ ਦ੍ਰਿਸ਼ਟਮਾਨ ਹੈ ਪ੍ਰਤੱਖ ਦੇਖ ਸਕਦੇ ਹਾਂ ਅਤੇ ਸਿੱਖਾਂ ਨੂੰ ਉਪਦੇਸ਼ ਕਰਦੇ ਹਨ ਕਿ ਬਾਣੀ ਨੂੰ ਸੱਚ ਕਰਕੇ ਮੰਨ ਲਵੋ ਕਿਉਂਕਿ ਬਾਣੀ ਕਰਤਾ ਪੁਰਖ ਪ੍ਰਮੇਸ਼ਰ ਦੀ ਹੈ ਅਤੇ ਉਹ ਪਰਮਾਤਮਾ ਆਪ ਹੀ ਮੂੰਹੋਂ ਕਢਵਾਉਂਦਾ ਹੈ। ਇਹ ਜੋ ਬੋਲ ਅਸੀਂ ਬੋਲਦੇ ਹਾਂ ਉਸ ਕਰਤਾਪੁਰਖ ਪਰਮੇਸ਼ਰ ਦੇ ਹਨ

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ।
ਹਰਿ ਕਰਤਾ ਆਪਿ ਮੁਹਹੁ ਕਢਾਏ। (ਪੰਨਾ 308)

ਚੌਥੇ ਪਾਤਸ਼ਾਹ ਵੇਲੇ ਬਾਣੀ ਦੀਆਂ ਚਾਰ ਪੋਥੀਆਂ ਤਿਆਰ ਹੋ ਚੁੱਕੀਆਂ ਸਨ। ਬਾਬਾ ਮੋਹਨ ਜੀ ਸੁਪੁੱਤਰ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਪੋਥੀਆਂ ਦਾ ਬਹੁਤ ਸਤਿਕਾਰ ਕਰਦੇ ਸਨ । ਯੋਗ ਅਭਿਆਸ ਕਰਦੇ ਸਨ ।

ਕੁੱਝ ਕੁ ਸੰਗਤਾਂ ਵਿੱਚ ਦੁਬਿਧਾ ਪੈ ਗਈ ਜਿਵੇਂ ਗੁਰੂ ਨਾਨਕ ਦੇਵ ਜੀ ਖਤ੍ਰੀ ਸਨ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਭੱਲੇ ਅਤੇ ਗੁਰੂ ਰਾਮਦਾਸ ਸਾਹਿਬ ਜੀ ਸੋਢੀ ਵੰਸ਼ ਵਿੱਚੋਂ ਸਨ। ਖਤ੍ਰੀ ਕਹਿਣ ਲੱਗੇ ਕਿ ਅਸੀਂ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਦੀ ਬਾਣੀ ਹੀ ਪੜਨੀ ਹੈ। ਭੱਲੇ ਗੁਰੂ ਅਮਰਦਾਸ ਜੀ ਦੀ ਬਾਣੀ ਨੂੰ ਜਿਆਦਾ ਸਮਝਣ ਲੱਗ ਪਏ ਅਤੇ ਸੋਢੀ ਕਹਿਣ ਲੱਗ ਪਏ ਕਿ ਗੁਰੂ ਰਾਮਦਾਸ ਸਾਹਿਬ ਜੀ ਦੀ ਬਾਣੀ ਪੜਨੀ ਹੈ। ਚੌਥਾ ਜੋ ਸੱਭ ਤੋਂ ਵੱਡਾ ਕਾਰਣ ਬਣਿਆ ਕਿ ਭਾਈ ਪ੍ਰਿਥੀ ਚੰਦ ਗੁਰੂ ਰਾਮਦਾਸ ਜੀ ਦੇ ਵੱਡੇ ਸਪੁੱਤਰ ਗੁਰ ਗੱਦੀ ਨਾ ਮਿਲਨ ਕਾਰਨ ਬਹੁਤ ਵਿਰੋਧ ਕਰਨ ਲੱਗ ਪਏ। ਇੱਥੋਂ ਤੱਕ ਕਿ ਆਪਣੀ ਹੀ ਬਾਣੀ ਰਚਕੇ ਉੱਪਰ ਗੁਰੂ ਨਾਨਕ ਸਾਹਿਬ ਦੀ ਮੋਹਰ ਲਾਉਣ ਲੱਗ ਗਏ। ਸੰਗਤਾਂ ਨੂੰ ਭੁਲੇਖੇ ਪਾਉਣ ਦੀ ਖਾਤਰ ਕੱਚੀ ਬਾਣੀ ਰਚਨੀ ਆਰੰਭ ਕਰ ਦਿੱਤੀ। ਜਿਨ੍ਹਾਂ ਸਿੱਖਾਂ ਨੇ ਮਹਾਰਾਜ ਜੀ ਦੀ ਸੰਗਤ ਕੀਤੀ ਸੀ ਉਹ ਤਾਂ ਪਹਿਚਾਣ ਕਰ ਲੈਂਦੇ। ਬਾਕੀ ਨਵੀਂ ਸੰਗਤ ਨੂੰ ਪਤਾ ਨਾ ਚੱਲਦਾ । ਇੱਕ ਦਿਨ ਅਜਿਹੀ ਘਟਨਾਂ ਵਾਪਰੀ ਕਿ ਸੰਗਤ ਕੱਚੀ ਬਾਣੀ ਪੜਦੀ ਆ ਰਹੀ ਸੀ । ਜਦੋਂ ਗੁਰੂ ਅਰਜਨ ਪਾਤਸ਼ਾਹ ਨੇ ਆਪਣੀ ਕੰਨੀ ਸੁਣਿਆਂ ਕਿ ਸੰਗਤਾਂ ਗੁਰੂ ਸਾਹਿਬ ਦਾ ਨਾਮ ਲੈ ਕੇ ਕੱਚੀ ਬਾਣੀ ਪੜ ਰਹੀਆਂ ਹਨ । ਉਸ ਵੇਲੇ ਭਾਈ ਗੁਰਦਾਸ ਜੀ ਨੂੰ ਬਚਨ ਕੀਤਾ ਕਿ ਬਾਣੀ ਨੂੰ ਇੱਕਤਰ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਜੇਕਰ ਅਜਿਹਾ ਨਾ ਕੀਤਾ, ਆਉਣ ਵਾਲੇ ਸਮੇਂ ਵਿੱਚ ਸੰਗਤਾਂ ਨੂੰ ਪਤਾ ਨਹੀਂ ਚਲੇਗਾ ਕਿ ਕੱਚੀ ਬਾਣੀ ਕਿਹੜੀ ਹੈ ਅਤੇ ਗੁਰਬਾਣੀ ਕਿਹੜੀ ਹੈ ? ਅਤੇ ਹੋਰ ਵੀ ਪੈਸੇ ਮਾਇਆ ਦੀ ਖਾਤਰ ਆਪੋ ਆਪਣੀ ਬਾਣੀ ਰਚਨ ਲੱਗ ਜਾਣਗੇ । ਭਾਈ ਗੁਰਦਾਸ ਜੀ ਦੀ ਡਿਊਟੀ ਲਾਈ ਕਿ ਬਾਣੀ ਨੂੰ ਵੱਖ ਤੇ ਇਕੱਤਰ ਕੀਤਾ ਜਾਵੇ ਅਤੇ ਬੀੜ ਸਾਹਿਬ ਰਚਨ ਦਾ ਪ੍ਰੋਗਰਾਮ ਬਣਾਇਆ ਗਿਆ । ਉਸ ਵੇਲੇ ਬਾਣੀ ਦੀਆਂ ਸਾਰੀਆਂ ਪੋਥੀਆਂ ਬਾਬਾ ਮੋਹਨ ਜੀ ਪਾਸ ਸਨ। ਬਾਬਾ ਮੋਹਨ ਜੀ ਗੁਰੂ ਅਰਜਨ ਦੇਵ ਜੀ ਦੇ ਸੱਕੇ ਮਾਮਾ ਜੀ ਸਨ। ਯੋਗਾ ਅਭਿਆਸੀ ਸਨ। ਵਿਦਿਆ ਗੁਰੂ ਵੀ ਸਨ । ਗੁਰੂ ਅਰਜਨ ਦੇਵ ਜੀ ਨੇ ਸ਼ਬਦ ਅਭਿਆਸ, ਸੁਰਤ, ਧਿਆਨ, ਦਸਵ ਦੁਆਰ ਬਾਰੇ ਗਿਆਨ ਬਾਬਾ ਮੋਹਨ ਜੀ ਪਾਸੋਂ ਹੀ ਹਾਸਲ ਕੀਤਾ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਨਾਲ ਪੰਜ ਸਿੱਖਾਂ ਨੂੰ ਗੋਇੰਦਵਾਲ ਸਾਹਿਬ ਪੋਥੀਆਂ ਲਿਆਉਣ ਲਈ ਭੇਜਿਆ । ਉਧਰ ਬਾਬਾ ਮੋਹਨ ਜੀ ਬਾਣੀ ਦਾ ਬਹੁਤ ਸਤਿਕਾਰ ਕਰਦੇ ਸਨ । ਬਾਣੀ ਦੇ ਸਤਿਕਾਰ ਸਕਦਾ ਉਹ ਉੱਪਰ ਚੁਬਾਰੇ ਵਿੱਚ ਇਕ ਪਲੰਘ ਤੇ ਪੋਥੀਆਂ ਬਿਰਾਜਮਾਨ ਕੀਤੀਆਂ ਸਨ ਅਤੇ ਆਪ ਵੀ ਉਸ ਚੁਬਾਰੇ ਵਿੱਚ ਜ਼ਮੀਨ ਤੇ ਆਸਣ ਵਿਛਾ ਕੇ ਉੱਥੇ ਹੀ ਅਭਿਆਸ ਕਰਦੇ ਸਨ । ਜਿਸ ਵੇਲੇ ਭਾਈ ਗੁਰਦਾਸ ਜੀ ਗੋਇੰਦਵਾਲ ਸਾਹਿਬ ਪਹੁੰਚੇ ਉਸ ਵੇਲੇ ਬਾਬਾ ਮੋਹਨ ਜੀ ਯੋਗ ਅਭਿਆਸ ਦੁਆਰਾ ਸਮਾਧੀ ਸਥਿਤ ਸਨ । ਉਨ੍ਹਾਂ ਨੇ ਬਹੁਤ ਅਵਾਜ਼ਾਂ ਮਾਰੀਆਂ ਕੁੰਡੇ ਖੜਕਾਏ ਅਤੇ ਹੋਰ ਕਈ ਪ੍ਰਕਾਰ ਦੇ ਜਤਨ ਕੀਤੇ ਪ੍ਰੰਤੂ ਬਾਬਾ ਮੋਹਨ ਜੀ ਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਕੁੰਡਾ ਖੋਲਿਆ । ਅਖੀਰ ਨੂੰ ਭਾਈ ਗੁਰਦਾਸ ਜੀ ਸਿੱਖਾਂ ਸਮੇਤ ਵਾਪਸ ਸ਼੍ਰੀ ਗੁਰੂ ਅਰਜਨ ਦੇਵ ਜੀ ਪਾਸ ਆ ਗਏ ਅਤੇ ਸਾਰੀ ਵਿਥਿਆ ਸੁਣਾਈ ਕਿ ਅਸੀਂ ਬਹੁਤ ਅਵਾਜਾਂ ਮਾਰੀਆਂ ਅਤੇ ਜਤਨ ਕੀਤੇ ਪਰੰਤੂ ਬਾਬਾ ਮੋਹਣ ਜੀ ਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਦਰਵਾਜਾ ਖੋਲਿਆ । ਉਸ ਵੇਲੇ ਬਾਬਾ ਬੁੱਢਾ ਜੀ ਨੇ ਕਿਹਾ, "ਪਾਤਸ਼ਾਹ ਜੇ ਆਗਿਆ ਹੋਵੇ ਤਾਂ ਮੈਂ ਜਾ ਕੇ ਲੈ ਆਉਂਦਾ ਹਾਂ । ਗੁਰੂ ਜੀ ਨੇ ਹੱਸ ਕੇ ਕਿਹਾ ਕਿ ਹਾਂ ਬੁੱਢਾ ਸਾਹਿਬ ਜੀ ਤੁਸੀਂ ਭੀ ਜਾਉ ਜੇ ਭਲਾ ਕੰਮ ਸੌਰ ਜਾਵੇ। ਪ੍ਰੰਤੂ ਬਾਬਾ ਬੁੱਢਾ ਜੀ ਨੇ ਗੋਇੰਦਬਾਲ ਪਹੁੰਚ ਕੇ ਬਹੁਤ ਉਪਰਾਲਾ ਕੀਤਾ ਚਉਬਾਰੇ ਦੇ ਬੂਹੇ ਦੀ ਚੂਥੀ ਪੁੱਟ ਕੇ ਵੀ ਬਲਾਉਣ ਦਾ ਯਤਨ ਕੀਤਾ ਪਰ ਬਾਬਾ ਮੋਹਨ ਜੀ ਸਮਾਧੀ ਵਿੱਚ

ਹੀ ਲੀਣ ਰਹੇ ਅਤੇ ਬਾਬਾ ਬੁੱਢਾ ਜੀ ਵੀ ਖਾਲੀ ਹੱਥ ਵਾਪਸ ਆ ਗਏ। ਪਰੰਤੂ ਗੁਰੂ ਅਰਜਨ ਪਾਤਸ਼ਾਹ ਜਾਣਦੇ ਸਨ ਕਿ ਬਾਬਾ ਮੋਹਨ ਜੀ ਨੇ ਸ਼ਬਦ ਅਭਿਆਸ ਦੁਆਰਾ ਦਸਮ ਦੁਆਰ ਵਿੱਚ ਸਮਾਧੀ ਸਥਿਤ ਹੋਣ ਕਰਕੇ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਨੂੰ ਸਿਰਫ਼ ਸ਼ਬਦ ਦੁਆਰਾ ਹੀ ਬੁਲਾਇਆ ਜਾ ਸਕਦਾ ਹੈ। ਇਹ ਸੁਣ ਕੇ ਅਰਜਨ ਦੇਵ ਜੀ ਆਪ ਨੰਗੀਂ ਪੈਰੀਂ ਚਲ ਕੇ ਗੋਇੰਦਵਾਲ ਸਾਹਿਬ ਪਹੁੰਚ ਗਏ। ਜਿੱਥੇ ਬਾਬਾ ਮੋਹਣ ਜੀ ਚੁਬਾਰੇ ਵਿੱਚ ਰਹਿੰਦੇ ਸਨ। ਉਸ ਚੁਬਾਰੇ ਦੇ ਹੇਠਾਂ ਗਲੀ ਵਿੱਚ ਭੁੰਜੇ ਜ਼ਮੀਨ ਤੇ ਬੈਠ ਗਏ ਅਤੇ ਸ਼ਬਦ ਉਚਾਰਨ ਕੀਤਾ :—

ਗਾਉੜੀ ਮਹਲਾ ੫

ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ।
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥
ਧਰਮ ਸਾਲ ਅਪਾਰ ਦੈਆਰ, ਠਾਕੁਰ ਸਦਾ ਕੀਰਤਨੁ ਗਾਵਹੇ।
ਜਹ ਸਾਧ ਸੰਤ ਇਕਤ੍ਰ ਹੋਵਹਿ, ਤਹਾ ਤੁਝਹਿ ਧਿਆਵਹੇ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ, ਮਿਲਿ ਦਰਸਨ ਸੁਖੁ ਸਾਰਾ॥

(ਪੰਨਾ 248)

ਸ਼ਬਦ ਦੀ ਧੁੰਨ ਨਾਲ ਬਾਬਾ ਜੀ ਦੀ ਸਮਾਧੀ ਖੁੱਲ ਗਈ। ਉਨ੍ਹਾਂ ਖਿੜਕੀ ਖੋਲ ਕੇ ਵੇਖਿਆ ਅਤੇ ਕਾਫ਼ੀ ਗੁੱਸੇ ਵਿੱਚ ਬਚਨ ਕੀਤੇ ਕਿ ਗੁਰਗੱਦੀ ਤੁਸੀਂ ਲੈ ਗਏ, ਸੰਗਤਾਂ, ਸੱਭ ਸਾਜੋ ਸਮਾਨ ਸੱਭ ਕੁੱਝ ਲਿਜਾ ਕੇ ਸਾਨੂੰ ਫਕੀਰ ਬਣਾ ਦਿੱਤਾ ਅਤੇ ਹੁਣ ਅਸਾਨੂੰ ਭਜਨ ਵੀ ਨਹੀਂ ਕਰਨ ਦਿੰਦੇ। ਜਦੋਂ ਮਾਮਾ ਜੀ ਕੌੜੇ ਬਚਨ ਬੋਲ ਕੇ ਹਟ ਗਏ ਤਾਂ ਗੁਰੂ ਅਰਜਨ ਪਾਤਸ਼ਾਹ ਕਹਿਣ ਲੱਗੇ ਕਿ ਮਾਮਾ ਜੀ ਤੁਹਾਡੇ ਬਚਨ ਬੜੇ ਹੀ ਮਿੱਠੇ ਲੱਗਦੇ ਹਨ। ਤੁਹਾਡੇ ਬਚਨਾਂ ਨਾਲ ਮਨ ਨੂੰ ਠੰਡ ਪੈਂਦੀ ਹੈ ਸ਼ਾਂਤੀ ਮਿਲਦੀ ਹੈ। ਤੁਹਾਡੀ ਉਪਮਾ ਤਾਂ ਕਹੀ ਨਹੀਂ ਜਾ ਸਕਦੀ ਕਿਉਂਕਿ ਸ਼ਾਂਤੀ ਦੇ ਪੁੰਜ, ਨਿਮਰਤਾ ਦੇ ਸਮੁੰਦਰ ਨੂੰ ਕੀ ਫਰਕ ਪੈਣਾ ਸੀ ਉਸ ਵਿਚ ਭਾਵੇਂ ਹਜ਼ਾਰਾਂ ਮਣ ਅੱਗ ਸੁੱਟ ਦੇਵੋ। ਪਾਣੀ ਦਾ ਸੁਭਾਅ ਹੈ ਸ਼ਾਂਤ ਕਰ ਦੇਣਾ। ਗੁਰੂ ਜੀ ਨੇ ਦੂਸਰਾ ਪਦ ਉਚਾਰਨ ਕੀਤਾ :—

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥
ਮੋਹਨ ਤੂੰ ਮਾਨਹਿ ਬਚਨਿ ਜੀ ਅਵਰ ਸਬ ਰਾਲੀ॥
ਮਾਨਹਿ ਤੂੰ ਏਕੁ ਅਲੇਖੁ ਠਾਕਰੁ ਜਿਨਹਿ ਸਭ ਕਲ ਧਾਰੀਆ॥
ਤੁਪੁ ਬਚਨ ਗੁਰ ਕੈ ਵਸਿ ਕਿਆ ਆਦਿ ਪੁਰਖੁ ਬਨਵਾਰੀਆ॥
ਤੂੰ ਆਪਿ ਚਲਿਆ ਆਪਿ ਰਹਿਆ, ਆਪਹਿ ਸਭ ਕਲ ਧਾਰੀਆ॥
ਬਿਨਵੰਤਿ ਨਾਨਕ ਪੈਜ ਰਾਖਹੁ, ਸਭ ਸੇਵਕ ਸਰਨਿ ਤੁਹਾਰੀਆ॥

(ਪੰਨਾ (248)

ਜਦੋਂ ਬਾਬਾ ਜੀ ਨੇ ਇਸ ਤਰ੍ਹਾਂ ਦੇ ਮਹਿਮਾ ਵਾਲੇ ਨਿਮਰਤਾ ਭਰੇ ਬਚਨ ਸੁਣੇ ਉਨ੍ਹਾਂ ਦਾ ਹ੍ਰਿਦਾ ਦ੍ਰਵ ਗਿਆ। ਆਪ ਹੇਠਾਂ ਉੱਤਰ ਆਏ ਤੇ ਬੜੇ ਹੀ ਸਤਿਕਾਰ ਨਾਲ ਪੋਥੀਆਂ ਗੁਰੂ ਅਰਜਨ ਦੇਵ ਜੀ ਦੇ ਹਵਾਲੇ ਕਰ ਦਿੱਤੀਆਂ। ਗੁਰੂ ਅਰਜਨ ਦੇਵ ਜੀ ਨੇ ਤੀਸਰਾ ਪਦ ਉਚਾਰਨ ਕੀਤਾ :—

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲ ਤਿਨ ਕਉ ਲਾਗੈ ਨਾਹੀ ਜੋ ਇਕ ਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਤੁਧੁ ਆਰਾਧਹਿ, ਸੇ ਸਭੇ ਫਲ ਪਾਵਹੇ॥

ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦਰਸੁ ਸੁਗਿਆਨ ॥
"ਬਿਨਵੰਤਿ ਨਾਨਕ ਰਾਜੁ ਨਿਹਚਲੁ, ਪੂਰਨ ਪੁਰਖ ਭਗਵਾਨਾ"।

(ਪੰਨਾ 245)

ਇਹ ਮਹਿਮਾ ਪ੍ਰੇਮ ਅਤੇ ਸ਼ਰਧਾ ਦੀ ਸੁਰ ਨਾਲ ਭਿੱਜਿਆ ਹੋਇਆ ਸ਼ਬਦ ਸ੍ਰਵਣ ਕਰਕੇ ਬਾਬਾ ਮੋਹਨ ਜੀ ਬਹੁਤ ਹੀ ਪ੍ਰਸੰਨ ਹੋਏ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ਼ਬਦ ਦਾ ਚੌਥਾ ਪਦ ਉਚਾਰਨ ਕੀਤਾ :—

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੈ ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ।
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥

(ਪੰਨਾ 248)

ਇਹ ਚੌਥਾ ਪਦਾ ਸ੍ਰਵਣ ਕਰਕੇ ਬਹੁਤ ਹੀ ਖੁਸ਼ੀ ਸਹਿਤ ਪਿਆਰ ਅਸ਼ੀਰਵਾਦ ਦੇ ਕੇ ਗੁਰੂ ਅਰਜਣ ਦੇਵ ਜੀ ਨੂੰ ਵਿਦਾ ਕਰਕੇ ਆਪਣੇ ਚੌਬਾਰੇ ਵਿੱਚ ਜਾ ਬਿਰਾਜੇ। ਗੁਰੂ ਅਰਜਣ ਦੇਵ ਜੀ ਉੱਥੋਂ ਪੋਥੀਆਂ ਲੈ ਕੇ ਬਿਆਸਾ ਦੇ ਕਿਨਾਰੇ ਜਿੱਥੇ ਗੁਰੂ ਅਮਰਦਾਸ ਜੀ ਅਤੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਸਾਹਿਬ ਜੀ ਦੇ ਅੰਤਮ ਸੰਸਕਾਰ ਅਸਥਾਨ ਤੇ ਭਾਈ ਮੋਹਰੀ ਜੀ ਦੇ ਪੋਤਰੇ, ਗੁਰੂ ਅਮਰਦਾਸ ਜੀ ਦੇ ਪੜਪੋਤੇ ਬਾਬਾ ਸੁੰਦਰ ਜੀ ਪਾਸ ਗਏ। ਉਨ੍ਹਾਂ ਪਾਸੋਂ ਅੰਤਮ ਬਚਨ ਉਪਦੇਸ਼ ਜੋ ਤੀਸਰੇ ਪਾਤਸ਼ਾਹ ਨੇ ਜੋਤੀ ਜੋਤਿ ਸਮਾਉਣ ਵੇਲੇ ਸਮੂਹ ਸੰਗਤ ਅਤੇ ਪ੍ਰੀਵਾਰ ਪ੍ਰਤੀ ਉਚਾਰਨ ਕੀਤੇ ਸਨ ਆਪ ਸ੍ਰਵਣ ਕੀਤੇ ਅਤੇ ਲਿਖਾਰੀ ਪਾਸੋਂ ਲਿਖਵਾ ਲਏ। ਉਹਨਾਂ ਪਾਵਣ ਪਵਿੱਤਰ ਮਹਾਨ ਕਲਿਆਣਕਾਰੀ ਪ੍ਰਵਚਨਾਂ ਦੇ ਸੰਗ੍ਰਹਿ ਦਾ ਨਾਮ ਸੱਦੁ ਰੱਖਿਆ ਅਤੇ ਬੀੜ ਸਾਹਿਬ ਵਿਖੇ ਰਾਮਕਲੀ ਰਾਗ ਸਦ ਪੰਨਾ 723-724 ਉਤੇ ਦਰਜ ਕੀਤਾ ।

ਇਸਦੀ ਸਮਾਪਤੀ ਦੀ ਇਹ ਪੰਗਤੀ ਹੈ "ਕਹੇ ਸੁੰਦਰ ਸੁਣਹੁ ਸੰਤਹੁ ਸਭੁ ਜਗਤ ਪੈਰੀ ਪਾਇ ਜੀਉ ॥" ਅਤੇ ਬਾਬਾ ਮੋਹਰੀ ਜੀ ਪਾਸੋਂ ਪਾਲਕੀ ਮੰਗਵਾ ਕੇ ਪੋਥੀਆਂ ਨੂੰ ਪਾਲਕੀ ਵਿੱਚ ਸਜਾ ਕੇ ਚਾਰ ਸਿੱਖਾਂ ਨੇ ਮੋਢਿਆਂ ਤੇ ਚੁੱਕ ਲਿਆ ਆਪ ਗੁਰੂ ਜੀ ਨੰਗੇ ਪੈਰੀਂ ਚੌਰ ਕਰਦੇ ਅੰਮ੍ਰਿਤਸਰ ਪਹੁੰਚ ਕੇ ਪੋਥੀਆਂ ਵਾਲੀ ਪਾਲਕੀ ਨੂੰ ਥੜ੍ਹਾ ਸਾਹਿਬ ਦੁੱਖ ਭੰਜਨੀ ਬੇਰੀ ਦੇ ਨੇੜੇ ਦੇ ਅਸਥਾਨ ਤੇ ਬਿਰਾਜਮਾਨ ਕਰ ਦਿੱਤਾ ਅਤੇ ਸਿੱਖ ਸੰਗਤਾਂ ਕੀਰਤਨ ਕਰਨ ਲੱਗ ਪਈਆਂ। ਭਾਈ ਗੁਰਦਾਸ ਜੀ ਨੂੰ ਕਿਹਾ ਕਿ ਭਾਈ ਜੀ ਕੋਈ ਅਜਿਹੀ ਇਕਾਂਤ ਥਾਂ ਲੱਭੋ ਜਿੱਥੇ ਬੈਠ ਕੇ ਬਾਨੀ ਇਕੱਤਰ ਕਰ ਕੇ ਬੀੜ ਸਾਹਿਬ ਦੀ ਰਚਨਾ ਕੀਤੀ ਜਾਵੇ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਹਰ ਮੁੱਖੀ ਸਿੱਖਾਂ ਸਮੇਤ ਇਕ ਬੇਰੀਆਂ ਦਾ ਝੁੰਡ ਪਾਨੀ ਦੀ ਛਪੜੀ ਕਿਨਾਰੇ ਵੇਖਿਆ। ਗੁਰੂ ਜੀ ਨੇ ਇਹ ਅਸਥਾਨ ਵੇਖ ਕੇ ਕਿਹਾ ਕਿ ਇਹ ਜਗ੍ਹਾ ਬਹੁਤ ਠੀਕ ਹੈ। ਇੱਥੇ ਤੰਬੂ ਕਨਾਤ ਲਗਵਾ ਦਿਉ। ਉੱਥੇ ਤੰਬੂ ਵਗੈਰਾ ਲੱਗ ਗਏ। ਪੋਥੀਆਂ ਵਾਲੀ ਪਾਲਕੀ ਨੂੰ ਇਸ ਨਵੀਂ ਜਗ੍ਹਾ ਤੇ ਲਿਆਂਦਾ ਗਿਆ। ਉਸ ਦੇ ਟੋਏ ਨੂੰ ਡੂੰਘਾ ਅਤੇ ਵੱਡਾ ਕਰਕੇ ਸੰਗਤਾਂ ਨੇ ਬਹੁਤ ਥੋੜੇ ਸਮੇਂ ਵਿੱਚ ਸਰੋਵਰ ਤਿਆਰ ਕਰ ਦਿੱਤਾ। ਗੁਰੂ ਜੀ ਨੇ ਬਚਨ ਕੀਤਾ ਕਿ ਇਸ ਅਸਥਾਨ ਤੇ ਨਾਮ ਦੀ ਮਹਿਮਾ ਵਾਲੇ ਗ੍ਰੰਥ ਦੀ ਰਚਨਾ ਹੋਵੇਗੀ। ਇਸ ਕਰਕੇ ਇਸ ਦਾ ਨਾਮ ਰਾਮਸਰ ਰੱਖ ਦਿੱਤਾ। ਉੱਥੇ ਤੰਬੂ ਦੇ ਅੰਦਰ ਬੈਠ ਕੇ ਭਾਈ ਗੁਰਦਾਸ ਜੀ ਪਾਸੋਂ ਬੀੜ ਸਾਹਿਬ ਦੀ ਲਿਖਾਈ ਕਰਾਈ।

ਰਾਮਸਰ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਗਈ ਬੀੜ ਸਾਹਿਬ ਤਿਆਰ ਕਰਨ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਹੰਕਾਰ, ਵਿਤਕਰੇ, ਜਾਤ-ਪਾਤ, ਈਰਖਾ, ਬਖੀਲੀ ਦੂਈ, ਦਵੈਤ ਅਤੇ ਹੋਰ ਬੇਨਿਯਮੀਆਂ ਵਾਲੇ ਜੀਵਨ ਨੂੰ ਕੋਈ ਥਾਂ ਨਹੀਂ ਦਿੱਤੀ ਗਈ। ਇਸ ਕਾਰਜ ਲਈ ਤਕਰੀਬਨ ਤਿੰਨ ਸਾਲ ਲੱਗ ਗਏ। ਜਦੋਂ ਬੀੜ ਦੀ ਲਿਖਾਈ ਮੁਕੰਮਲ ਹੋ ਗਈ ਜਿਸ ਵੇਲੇ ਬੀੜ ਸਾਹਿਬ ਮੁਕੰਮਲ ਤਿਆਰ ਹੋ ਗਈ ਉਸ ਵੇਲੇ ਹਰ ਪਾਸੇ ਸੰਗਤਾਂ ਨੂੰ ਸੱਦੇ ਪੱਤਰ ਭੇਜੇ ਗਏ। ਬੀੜ

ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਬਹੁਤ ਦੂਰ-ਦੂਰ ਤੋਂ ਵਹੀਰਾਂ ਘੱਤ ਕੇ ਸੰਗਤਾਂ ਪੁੱਜੀਆਂ । ਰਾਮਸਰ ਵਿਖੇ ਸੰਗਤਾਂ ਦਾ ਬਹੁਤ ਵਿਸ਼ਾਲ ਇਕੱਠ ਹੋ ਗਿਆ। ਉਸ ਵੇਲੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੰਧੋਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ ਕਿ ਇਹ ਗ੍ਰੰਥ ਸੰਸਾਰ ਸਾਗਰ ਦੇ ਤਰਨ ਲਈ ਜਹਾਜ ਬਣਾਇਆ ਹੈ। ਜੋ ਚਿੱਤ ਲਗਾ ਕੇ ਪੜੇਗਾ ਸੁਨੇਗਾ ਅਤੇ ਵੀਚਾਰੇਗਾ ਉਹ ਸੁਖੈਨ ਹੀ ਤਰ ਜਾਵੇਗਾ। ਸਤਿਗੁਰ ਦਾ ਸਰੀਰ ਬਿਨਸ਼ਨਹਾਰ ਹੈ। ਹਮੇਸ਼ਾ ਰਹੇਗਾ ਨਹੀਂ। ਨਾਂ ਹੀ ਹਰ ਸਮੇਂ ਦੇਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਹੀ ਗੁਰੂ ਦਾ ਹਿਰਦਾ ਹੈ ਜੋ ਹਰ ਸਮੇਂ ਦੇਖਿਆ ਅਤੇ ਪਰਸਿਆ ਜਾ ਸਕੇਗਾ।

ਤਨ ਸਦੀਵ ਥਿਰ ਹੋਇ ਨ ਕੋਇ, ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ॥

ਬਾਣੀ ਦਾ ਸਤਿਕਾਰ ਉਨ੍ਹਾਂ ਦੇ ਸਰੀਰ ਤੋਂ ਵੀ ਵੱਧ ਕਰਨਾ ਅਤੇ ਇਹ ਹਦਾਇਤ ਵੀ ਕੀਤੀ ਕਿ ਕੋਈ ਸ਼ਬਦ ਅੱਖਰ, ਲਗ, ਮਾਤਰਾ ਵਾਧ ਘਾਟ ਨਾ ਕਰੈ। ਜੋ ਕਰੇਗਾ ਉਹ ਮੂਰਖ ਤਾਂ ਹੋਵੇਗਾ ਹੀ ਸਗੋਂ ਪਛਤਾਵੇਗਾ ਵੀ। ਜਿਸ ਵੇਲੇ ਰਾਮਸਰ ਤੋਂ ਹਰਮੰਦਿਰ ਸਾਹਿਬ ਜਾਣ ਲਈ ਤਿਆਰ ਹੋ ਗਏ ਉਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕੋਈ ਸਿੱਖ ਆਵੇ ਜੋ ਬੀੜ ਸਾਹਿਬ ਨੂੰ ਆਪਣੇ ਸਿਰ ਉੱਪਰ ਚੁੱਕੇ। ਅਸਾਡਾ ਸਿਰ ਇਸ ਦੇ ਲਾਇਕ ਨਹੀਂ ਹੈ। ਜਦੋਂ ਸੰਗਤਾਂ ਨੇ ਇਹ ਬਚਨ ਸੁਣਿਆ ਤਾਂ ਸੱਭ ਸੰਗਤਾਂ ਵਿੱਚ ਹੈਰਾਨੀ ਛਾ ਗਈ ਅਤੇ ਸੋਚਨ ਲੱਗੀਆਂ ਕਿ ਜੇਕਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਾਡਾ ਸਿਰ ਇਸ ਦੇ ਲਾਇਕ ਨਹੀਂ ਤਾਂ ਫਿਰ ਉਨ੍ਹਾਂ ਤੋਂ ਪਵਿੱਤਰ ਅਤੇ ਲਾਇਕ ਕੌਣ ਹੋ ਸਕਦਾ ਹੈ। ਕੋਈ ਵੀ ਬੀੜ ਸਾਹਿਬ ਨੂੰ ਆਪਣੇ ਸਿਰ ਉੱਪਰ ਚੁੱਕਣ ਲਈ ਤਿਆਰ ਨਾ ਹੋਇਆ ਤਾਂ ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਬਾਬਾ ਬੁੱਢਾ ਜੀ ਨੂੰ ਬੁਲਾਉ ਉਨ੍ਹਾਂ ਦਾ ਸੀਸ ਇਸ ਦੇ ਲਾਇਕ ਹੈ। ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਮਿਹਰਾਂ ਦੇ ਸਾਈਂ ਬਾਣੀ ਦੇ ਬੋਹਿਥ ਮੇਰਾ ਸਿਰ ਤੁਹਾਡੇ ਨਾਲੋਂ ਕਿਵੇਂ ਪਵਿੱਤਰ ਹੈ ਤਾਂ ਉਸ ਵੇਲੇ ਮਹਾਰਾਜ ਜੀ ਨੇ ਬਚਨ ਕੀਤਾ ਕਿ ਬਾਬਾ ਜੀ। ਹੇ ਬਾਬਾ ਜੀ ਜਿੰਨਾ ਤਿੰਨ ਪਾਤਸ਼ਾਹੀਆਂ ਦੀ ਬਾਣੀ ਦਰਜ ਕੀਤੀ ਹੈ। ਸ਼੍ਰੀ ਗੁਰੂ ਨਾਨਕ ਸਾਹਿਬ ਦੇ ਚਰਨੀ ਤੁਹਾਡਾ ਸੀਸ ਲੱਗਾ ਹੈ। ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੇ ਚਰਨੀ ਤੁਹਾਡਾ ਸੀਸ ਲੱਗਿਆ ਹੈ। ਸਾਡਾ ਨਹੀਂ ਲੱਗਿਆ। ਇਸ ਕਰਕੇ ਤੁਹਾਡਾ ਸੀਸ ਸਾਡੇ ਸੀਸ ਨਾਲੋਂ ਪਵਿੱਤਰ ਹੈ। ਧੰਨ-ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਜਦੋਂ ਇਹ ਬਚਨ ਸੁਣ ਕੇ ਬਾਬਾ ਜੀ ਨੇ ਸਤਿਕਾਰ ਸਾਹਿਤ ਆਪਣਾ ਸੀਸ ਝੁੱਕਾ ਦਿੱਤਾ ਅਤੇ ਕਿਹਾ ਕਿ ਜਿਵੇਂ ਆਪਜੀ ਦੀ ਆਗਿਆ ਹੋਵੇ। ਉਸ ਵੇਲੇ ਬਾਬਾ ਬੁੱਢਾ ਜੀ ਨੇ ਬੀੜ ਸਾਹਿਬ ਨੂੰ ਆਪਣੇ ਸੀਸ ਪਰ ਚੁੱਕਿਆ ਅਤੇ ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਚੌਰ ਕਰਦੇ ਅਤੇ ਸੰਗਤਾਂ ਦਾ ਵਿਸ਼ਾਲ ਇਕੱਠ ਸਤਿਨਾਮ ਦਾ ਜਾਪ ਕਰਦੀਆਂ ਪੂਰੇ ਸ਼ਾਨੋ ਸ਼ੌਕਤ ਨਾਲ ਬੈਂਡ ਵਾਜੇ ਸ਼ਬਦ ਕੀਰਤਨ ਕਰਦੇ ਹੋਏ ਮਹਾਨ ਨਗਰ ਕੀਰਤਨ ਦੀ ਸ਼ਕਲ ਵਿੱਚ ਹਰਿਮੰਦਿਰ ਸਾਹਿਬ ਵਿਖੇ ਪਹੁੰਚੀਆਂ । ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਬਾਬਾ ਬੁੱਢਾ ਜੀ ਨੇ ਇੱਕ ਉੱਚੇ ਤਖ਼ਤ ਉੱਪਰ ਪ੍ਰਕਾਸ਼ ਕੀਤਾ ਅਤੇ ਬੇਨਤੀ ਕੀਤੀ ਕਿ ਐ ਮਿਹਰਾਂ ਦੇ ਸਾਈਂ ਆਪ ਕ੍ਰਿਪਾ ਕਰੋ । ਆਪ ਕ੍ਰਿਪਾ ਕਰਕੇ ਬਾਣੀ ਸ੍ਰਵਣ ਕਰਾਉ । ਉਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਬਾਬਾ ਜੀ ਇਹ ਡਿਊਟੀ ਵੀ ਤੁਸਾਂ ਹੀ ਕਰਨੀ ਹੈ ਕਿਉਂਕਿ ਜਿਸ ਗੁਰੂ ਨਾਨਕ ਸਾਹਿਬ ਦੀ ਬਾਣੀ ਦਰਜ਼ ਕੀਤੀ ਹੈ ਤੁਸੀਂ ਆਪਣੇ ਕੰਨਾਂ ਨਾਲ ਉਨ੍ਹਾਂ ਦੇ ਮੁੱਖਾਬਿੰਦ ਤੋਂ ਸ੍ਰਵਣ ਕੀਤੀ ਹੈ। ਇਸ ਲਈ ਤੁਹਾਨੂੰ ਪਤਾ ਹੈ ਕਿ ਕਿਵੇਂ ਉਚਾਰਨ ਕਰਨਾ ਹੈ। ਅਸਾਂ ਸਿਰਫ਼ ਦੋ ਪਾਤਸ਼ਾਹੀਆਂ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੀ ਹੀ ਬਾਣੀ ਸੁਣੀ ਹੈ। ਤੁਸੀਂ ਚਾਰੇ ਗੁਰੂਆਂ ਦੇ ਮੁਖਾਬਿੰਦ ਤੋਂ ਸੁਣੀ ਹੈ। ਇਸ ਲਈ ਤੁਸੀਂ ਹੀ ਸੰਗਤਾਂ ਨੂੰ ਪ੍ਰਕਾਸ਼ ਕਰਕੇ ਹੁਕਮਨਾਮਾਂ ਸ੍ਰਵਣ ਕਰਾਵੋ। ਉਸ ਵੇਲੇ ਬਾਬਾ ਬੁੱਢਾ ਜੀ ਨੇ ਪ੍ਰਕਾਸ਼ ਕਰਕੇ ਹੁਮਕਾਨਾਮਾ ਲਿਆ :—

ਸੂਹੀ ਮਹਲਾ ੫

ਸੰਤਾਂ ਕੇ ਕਾਰਜਿ ਆਪਿ ਖਲੋਇਆ ।
ਹਰਿ ਕੰਮ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ।
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਅੰਮ੍ਰਿਤ ਜੁਲ ਛਾਇਆ ਪੂਰਨ ਸਾਜ ਕਰਾਇਆ।
ਸਗਲ ਮਾਨੋਰਥ ਪੂਰੇ॥
ਜੈ ਜੈ ਕਾਰ ਭਇਆ ਜਗ ਅੰਤਰ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ।
ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਰਿਦੁ ਰਖਿਆ ਪਰਮੇਸ਼ਰ।
ਨਾਨਕ ਨਾਮ ਧਿਆਇਆ॥

ਪੂਰਾ ਦਿਨ ਸੰਗਤਾਂ ਦਰਸ਼ਨ ਕਰਦੀਆਂ ਰਹੀਆਂ ਸੰਧਿਆ ਵੇਲੇ ਬਾਬਾ ਜੀ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਰਾਤ ਵੇਲੇ ਕਿਸ ਜਗ੍ਹਾ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਣ ਕਰਨਾ ਹੈ, ਤਾਂ ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਜਿਸ ਕੋਠੇ ਵਿੱਚ ਆਪ ਬਿਰਾਜਦੇ ਸਨ ਉਸ ਪਲੰਘ ਉਪਰ ਸਾਫ ਬਿਸਤਰ ਲਗਾ ਕੇ ਉੱਪਰ ਆਸਣ ਕਰ ਦੇਵੋ ਅਤੇ ਅਸਾਡਾ ਆਸਣ ਉਸ ਪਲੰਘ ਦੇ ਥੱਲੇ ਜ਼ਮੀਨ ਪਰ ਕਰ ਦੇਵੋ। ਇਹ ਸੱਭ ਕੁੱਝ ਗੁਰਬਾਣੀ ਦੇ ਅਦਬ ਨੂੰ ਬਰਕਰਾਰ ਰੱਖਿਦਿਆਂ। ਇਹ ਸੱਭ ਕੁਝ ਸਾਡੇ ਜੀਵਨ ਲਈ ਪੂਰਨੇ ਪਾ ਰਹੇ ਸਨ ਕਿ ਕਿਸ ਤਰ੍ਹਾਂ ਬਾਣੀ ਦਾ ਅਦਬ ਕਰਨਾ ਹੈ। ਅੱਜ ਤੱਕ ਵੀ ਆਕਾਲ ਤਖਤ ਸਾਹਿਬ ਕੋਠਾ ਸਾਹਿਬ ਵਿੱਖੇ ਪਲੰਘ ਦੇ ਥੱਲੇ ਚਾਦਰ ਵਿਛਾਈ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਸਮੇਂ ਦੇ ਨਾਲ ਗੁਰਬਾਣੀ ਦਾ ਜਸ ਸੰਸਾਰ ਤੇ ਇਸ ਤਰ੍ਹਾਂ ਫੈਲੇਗਾ ਜਿਵੇਂ ਪਾਣੀ ਉੱਪਰ ਤੇਲ ਪਾਇਆ ਆਪੇ ਹੀ ਸਾਰੇ ਪਾਸੇ ਫੈਲ ਜਾਂਦਾ ਹੈ। ਇਸੇ ਤਰ੍ਹਾਂ ਹੀ ਬਾਣੀ ਦਾ ਜਸ ਪੂਰੇ ਸੰਸਾਰ ਵਿੱਚ ਫੈਲੇਗਾ ਅਤੇ ਦੁਨੀਆਂ ਦੀ ਹਰ ਭਾਸ਼ਾ ਵਿੱਚ ਲਿਖੀ ਜਾਵੇਗੀ। ਗੁਰਬਾਣੀ ਪ੍ਰਤੀ ਮਹਾਰਾਜ ਜੀ ਨੇ ਸ਼ਬਦ ਉਚਾਰਨ ਕੀਤਾ

ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ।
ਬਾਣੀ ਗੁਰੂ ਗੁਰੂ ਹੈ ਬਾਣੀ। ਵਿਚਿ ਬਾਣੀ ਅੰਮ੍ਰਿਤ ਸਾਰੇ॥
(ਸ੍ਰੀ ਰਾਗ ਮਹਲਾ ੩ ਪੰਨਾ 67)

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਇਹ ਬਾਣੀ ਧੁਰੋਂ ਆਈ ਹੈ ਭਾਵ ਸੱਚਖੰਡ ਤੋਂ ਅਕਾਲ ਪੁਰਖ ਪਰਮਾਤਮਾ ਵਲੋਂ ਆਈ ਹੈ। ਜਿਸ ਨਾਲ ਹਰ ਪ੍ਰਕਾਰ ਦੀ ਚਿੰਤਾ ਮਿਟ ਜਾਂਦੀ ਹੈ ਅਤੇ ਇਹ ਵੀ ਉਪਦੇਸ਼ ਦਿੰਦੇ ਹਨ ਕਿ ਹੇ ਭਾਈ ਗੁਰਬਾਣੀ ਗਾਵਹੁ ਸੋ ਸਦਾ ਦੇ ਸੁੱਖਾਂ ਦੀ ਦਾਤੀ ਹੈ। ਸਦੀਵ ਸੁੱਖ ਦੇਣ ਵਾਲੀ ਹੈ।

ਗੁਰਬਾਣੀ ਗਾਵਹ ਭਾਈ ਉਹ ਸਫਲ ਸਦਾ ਸੁਖਦਾਈ।
(ਸੋਰਠ ਮਹਲਾ ੫, ਪੰਨਾ 628)

ਅਤੇ ਸਤਿਗੁਰੂ ਜੀ ਫਰਮਾਉਂਦੇ ਹਨ ਕਿ ਜੋ ਸਾਹਿਬ ਪਰਮਾਤਮਾ, ਈਸ਼ਵਰ, ਵਾਹਿਗੁਰੂ ਨੂੰ ਭਾਉਂਦਾ ਹੈ। ਉਸਦੇ ਭਾਣੇਂ ਅਨੁਸਾਰ ਹੀ ਬੋਲਦਾ ਹਾਂ ਮੈਂ ਤਾਂ ਸੰਗਤਾਂ ਦਾ ਦਾਸ ਹਾਂ। ਇਹ ਮੇਰੇ ਆਪਣੇ ਨਿੱਜੀ ਵਿਚਾਰ ਨਹੀਂ ਸਨ ਜੋ ਬੋਲਦਾ ਹਾਂ ਉਸ ਦੇ ਭਾਣੇ ਅੰਦਰ ਹੀ ਬੋਲਦਾਂ ਹਾਂ।

ਬੋਲੇ ਸਾਹਿਬ ਕੈ ਭਾਣੈ, ਦਾਸੁ ਬਾਣੀ ਬ੍ਰਹਮੁ ਵਖਾਣੈ॥
(ਸੋਰਠ ਮ. ੫ 629)

ਅੱਗੇ ਮਹਾਰਾਜ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਗੁਰਬਾਣੀ ਭਗਤੀ ਦੇ ਅਮੋਲਕ ਲਾਲਾਂ ਦਾ ਭੰਡਾਰਾ ਖਜਾਨਾ ਹੈ। ਜਿਹੜਾ ਵੀ ਗਾਵੇਗਾ, ਸੁਣੇਗਾ, ਕਮਾਵੇਗਾ ਉਹ ਨਿਹਾਲ ਹੋ ਜਾਵੇਗਾ ।

ਭਗਤਿ ਭੰਡਾਰ ਗੁਰਬਾਣੀ ਲਾਲ, ਗਾਵਤ, ਸੁਨਤ, ਕਮਾਵਤ, ਨਿਹਾਲ॥
(ਪੰਨਾ 379)

ਅਤੇ ਸਤਿਗੁਰ ਫਰਮਾਉਂਦੇ ਹਨ ਇਸ ਭੰਡਾਰ ਖਜਾਨੇ ਦੀ ਇੱਕ ਵਿਸ਼ੇਸ਼ਤਾਈ ਇਕ ਬੜੀ-ਵੱਡੀ ਸਿਫ਼ਤ ਹੈ ਜਿਤਨਾ ਵੀ ਇਸ ਖਜਾਨੇ ਨੂੰ ਵਰਤੋਗੇ, ਖਰਚੋਗੇ ਉਤਨਾ ਹੀ ਜਿਆਦਾ ਵਧਦਾ ਜਾਵੇਗਾ। ਇਹ ਇਤਨਾ ਵੱਡਾ ਖਜਾਨਾ ਹੈ ਜਿਹੜਾ ਕਦੇ ਵੀ ਘਟੇਗਾ ਨਹੀਂ ਸਗੋਂ ਵਧਦਾ ਹੀ ਜਾਵੇਗਾ। ਸੰਸਾਰ ਦੇ ਭੰਡਾਰ, ਖਜ਼ਾਨੇ ਵਰਤਣ ਨਾਲ ਖਾਲੀ ਹੋ ਜਾਂਦੇ ਹਨ ।ਮੁੱਕ ਜਾਂਦੇ ਹਨ। ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਖਜਾਨਾ ਕਦੇ ਮੁੱਕਦਾ ਹੀ ਨਹੀਂ ਸਗੋਂ ਵਧਦਾ ਜਾਂਦਾ ਹੈ।

ਮਹਾਰਾਜ ਗੁਰੂ ਅਰਜਨ ਦੇਵ ਜੀ ਆਸਾ ਮਹਲਾ ੫ ਪੰਨਾ 387 ਵਿੱਚ ਫਰਮਾਉਂਦੇ ਹਨ ਕਿ ਜਿਹੜਾ ਵੀ ਪੁਰਸ਼ ਗੁਰਬਾਣੀ ਨਾਲ ਪ੍ਰੇਮ ਕਰੇਗਾ। ਉਸਦੇ ਗੁਰਾਂ ਦੀ ਕ੍ਰਿਪਾ ਨਾਲ ਹਰ ਪ੍ਰਕਾਰ ਦੇ ਦੁੱਖ ਨਸ਼ਟ ਹੋ ਜਾਣਗੇ। ਮਿਟ ਜਾਣਗੇ ਅਤੇ ਸਦੀਵੀ ਕਾਲ ਲਈ ਸੁਖੀ ਹੋ ਜਾਵੇਗਾ।

ਗੁਰ ਕੀ ਬਾਣੀ ਸਿਉ ਰੰਗੁ ਲਾਇ, ਗੁਰ ਕਿਰਪਾਲੁ ਹੋਇ ਦੁਖੁ ਜਾਇ॥

(ਆਸਾ ਮਹਲਾ ੫) (ਪੰਨਾ 387)

ਬਾਣੀ ਕੇ ਬੋਹਿਥ, ਗੁਰਬਾਣੀ ਦੇ ਰਸੀਏ ਧੰਨ ਗੁਰੂ ਅਰਜਨ ਦੇਵ ਜੀ ਗੁਰਬਾਣੀ ਪ੍ਰਥਾਇ ਅਥਾਹ ਪ੍ਰੇਮ ਰੀਝ ਵਲਵਲੇ ਅੰਦਰ ਖੀਵੇ ਹੋਏ ਫਰਮਾਉਂਦੇ ਹਨ ਕਿ ਗੁਰਬਾਣੀ ਹਮਾਰੀ ਪਿਆਰੀ ਅਤੇ ਅੰਮ੍ਰਿਤ ਦੀ ਧਾਰ ਹੈ। ਗੁਰਬਾਣੀ ਅਜਿਹੀ ਮਨਸੋਹਣੀ ਹੈ ਜੋ ਪਰਮੇਸ਼ਰ ਅਕਾਲ ਪੁਰਖ ਨੂੰ ਇੱਕ ਨਿਮਖ ਮਾਤਰ ਵੀ ਭੁੱਲਣ ਨਹੀਂ ਦਿੰਦੀ । ਗੁਰਬਾਣੀ ਦਾ ਦਰਸਨ ਕਰਕੇ ਮਨ ਅਨੰਦ ਨਾਲ ਖਿੜ ਜਾਂਦਾ ਹੈ। ਕਰਤਾਰ ਦੀ ਭੇਜੀ ਹੋਈ ਆਈ ਹੈ। ਜੀਵ ਨੂੰ ਪ੍ਰੇਮ ਦੇ ਰੰਗ ਵਿੱਚ ਰੰਗ ਦਿੰਦੀ ਹੈ। ਜੇ ਕੋਈ ਖਿਨ ਮਾਤਰ ਵੀ ਸਿਮਰਨ ਕਰ ਲਵੇ ਤਾਂ ਪਰਮੇਸ਼ਰ ਨਾਲ ਮਿਲਾਪ ਕਰਵਾ ਦਿੰਦੀ ਹੈ। ਜੇਕਰ ਹਰ ਵੇਲੇ ਹਰ ਸਵਾਸ ਚੇਤੇ ਰੱਖੀਏ ਭਾਵ ਸਿਮਰਨ ਕਰੀਏ ਤਾਂ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ। ਅਜਿਹੀ ਅੰਮ੍ਰਿਤ ਕੰਠੀ (ਮਾਲਾ) ਮਈ ਬਾਣੀ ਜਿਸ ਨੂੰ ਸ਼੍ਰੀ ਗੁਰੂ ਅਰਜਨਵ ਦੇਵ ਜੀ ਨੇ ਆਪਣੇ ਹਿਰਦੇ ਰੂਪੀ ਕੰਠ ਵਿੱਚ ਪਰੋ ਕੇ ਰੱਖਿਆ ਹੈ । ਮਹਾਰਾਜ ਜੀ ਫਰਮਾਉਂਦੇ ਹਨ :—

ਹਮਾਰੀ ਪਿਆਰੀ ਅੰਮ੍ਰਿਤਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ਰਹਾਉ॥
ਦਰਸਨ, ਪਰਸਨ, ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥
ਖਿਨੁ ਰਮ ਗੁਰਗਮ ਹਰਿਦਮ ਨਹ ਜਮ ਹਰਿ ਕੰਠਿ ਨਾਨਕ ਉਰਿਹਾਰੀ ਰੇ॥

ਆਸਾ ਮਹਲਾ ੫ (ਪੰਨਾ 404)

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭ ਹੁਕਮਾਉ ਜੀਉ॥

**I speak on I nothing on my own behalf**
**All I say are the commands of God.**

**(Arjun Dev Ji - Page 404)**

ਮੀਰੀ ਪੀਰੀ ਦੇ ਮਾਲਕ ਬੰਦੀ ਛੋੜ ਛੇਵੇਂ ਪਾਤਸ਼ਾਹ ਸ਼੍ਰੀ ਹਰਿਗੋਬਿੰਦ ਸਿੰਘ ਜੀ ਵੀ ਗੁਰਬਾਣੀ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ । ਇਕ ਦਿਨ ਦੀਵਾਨ ਵਿੱਚ ਬੈਠੇ ਸਿੱਖਾਂ ਨੂੰ ਮਹਾਰਾਜ ਜੀ ਨੇ ਕਿਹਾ ਕਿ ਕੋਈ ਸਿੱਖ ਅਸਾਨੂੰ ਸ੍ਰੀ ਜਪੁਜੀ ਸਾਹਿਬ ਦਾ ਪਾਠ ਸੁੱਧ ਲਗਾਂ ਮਾਤਰਾਂ ਸਹਿਤ ਪੜ ਕੇ ਸੁਣਾਵੇ ਅਸੀਂ ਉਸਨੂੰ ਮਨ ਬਾਂਛਤ ਪਦਾਰਥ ਦੇਵਾਂਗੇ। ਗੁਰੂ ਜੀ ਦਾ ਇਹ ਬਚਨ ਸੁਣ ਕੇ ਇੱਕ ਸਿੱਖ ਭਾਈ ਗੋਪਾਲ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੇਕਰ ਆਪ ਜੀ ਕ੍ਰਿਪਾ ਕਰੋ ਦਾਸ ਆਪ ਜੀ ਨੂੰ ਸ਼ੁੱਧ ਪਾਠ ਸੁਣਾਉਂਦਾ ਹੈ ।

ਗੁਰੂ ਜੀ ਨੇ ਇਕ ਆਸਣ ਉੱਤੇ ਉਸ ਨੂੰ ਬਿਠਾ ਕੇ ਪਾਠ ਸੁਣਾਉਣ ਲਈ ਕਿਹਾ। ਆਪ ਵੀ ਉਸੇ ਹੀ ਤਖ਼ਤਪੋਸ਼ ਪਰ ਬੈਠੇ ਸਨ । ਪਰੰਤੂ ਭਾਈ ਗੋਪਾਲ ਦਾ ਆਸਣ ਸਿਰਹਾਣੇ ਵਾਲੇ ਪਾਸੇ ਅਤੇ ਉੱਚਾ ਬਣਾਇਆ ਸੀ ।

ਭਾਈ ਗੋਪਾਲ ਨੇ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਆਸਣ ਉੱਤੇ ਚੌਂਕੜੀ ਮਾਰ ਕੇ ਪਾਠ ਪ੍ਰਾਰੰਭ ਕੀਤਾ। ਭਾਈ ਗੋਪਾਲ ਬੁਹਤ ਹੀ ਸ਼ੁੱਧ ਪਾਠ ਕਰ ਰਿਹਾ ਸੀ ਤਕਰੀਬਨ 18, 19 ਪਉੜੀਆਂ ਨੂੰ ਮਹਾਰਾਜ ਜੀ ਨੇ ਸ੍ਰਵਣ ਕੀਤਾ ਅਤੇ ਵਿਚਾਰਿਆ ਕਿ ਇਹ ਮਹਾਂ ਪਵਿਤ੍ਰ ਜਾਪ ਦੇ ਪਾਠ ਬਦਲੇ ਇਸ ਸਿੱਖ ਨੂੰ ਦੇਣ ਵਾਸਤੇ ਕੇਵਲ ਗੁਰ ਗੱਦੀ ਹੀ ਯੋਗ ਪਦਾਰਥ

ਹੈ। ਪਾਠ ਦੇ ਭੋਗ ਉਪਰੰਤ ਇਸ ਨੂੰ ਅਰਪਣ ਕਰ ਦੇਣੀ ਹੀ ਠੀਕ ਹੋਵੇਗੀ। ਜਿਸ ਵੇਲੇ ਭਾਈ ਗੋਪਾਲ ਨੇ 38ਵੀਂ. ਪਉੜੀ ਦੀ ਅੰਤਮ ਤੁੱਕ 'ਨਾਨਕ ਨਦਰੀ ਨਦਰਿ ਨਿਹਾਲ' ਪੜੀ ਤਾਂ ਗੁਰੂ ਜੀ ਨੇ ਉਸ ਨੂੰ ਗੱਦੀ ਤੇ ਬਿਠਾਉਣ ਲਈ ਹੇਠਾਂ ਖਿਸਕਣ ਵਾਸੇ ਆਪਣਾ ਗੋਡਾ ਚੁੱਕਿਆ। ਉਸ ਵੇਲੇ ਭਾਈ ਗੋਪਾਲ ਦੇ ਮਨ ਵਿੱਚ ਫੁਰਨਾ ਆ ਗਿਆ ਕਿ ਗੁਰੂ ਜੀ ਮੈਨੂੰ ਸ਼ੁੱਧ ਪਾਠ ਬਦਲੇ ਆਪਣਾ ਸੱਭ ਤੋਂ ਕੀਮਤੀ ਘੋੜਾ ਬਖਸ਼ ਦੇਣ ਅਤੇ ਉਹ ਘੋੜਾ ਸੁਨਿਹਰੀ ਜੀਨ ਕਾਠੀ ਸਮੇਤ ਹੀ ਬਖ਼ਸ਼ ਦੇਣ ਤਾਂ ਬੜੀ ਖੁਸ਼ੀ ਹੋਵੇਗੀ ਜਿਸ ਵਕਤ ਭਾਈ ਗੋਪਾਲ ਨੇ ਵੇਖਿਆ ਕਿ ਗੁਰੂ ਜੀ ਉੱਠਣ ਲੱਗੇ ਹਨ ਤਾਂ ਉਸਨੇ ਵਿਚਾਰਿਆ ਕਿ ਗੁਰੂ ਜੀ ਸਲੋਕ ਸੁਣਨ ਤੋਂ ਪਹਿਲਾਂ ਹੀ ਉੱਠ ਚੱਲੇ ਹਨ । ਮੈਨੂੰ ਕੀ ਦੇਣਾ ਹੈ ਤਾਂ ਉਸ ਵੇਲੇ ਘੱਟ-ਘੱਟ ਦੇ ਅੰਤਰ ਦੀ ਜਾਣਤ, ਅੰਤਰਜਾਮੀ ਸਤਿਗੁਰ ਨੇ ਬਚਨ ਕੀਤਾ ਕਿ ਭਾਈ ਗੋਪਾਲ ਤੂੰ ਕਿਹੜੀ ਤੁੱਛ ਚੀਜ਼ ਵਾਸਤੇ ਫੁਰਨਾ ਕਰ ਲਿਆ ਅਸੀਂ ਤਾਂ ਤੈਨੂੰ ਗੁਰਗੱਦੀ ਦੇਣ ਵਾਸਤੇ ਉੱਠਣ ਲੱਗੇ ਸੀ ਅਤੇ ਬਚਨ ਕੀਤਾ ਕਿ ਅੱਛਾ ਹੁਣ ਤੇਰਾ ਜਨਮ, ਮਰਣ ਕੱਟਿਆ ਗਿਆ ਤੂੰ ਆਪਣੀ ਇੱਛਾ ਅਨੁਸਾਰ ਘੋੜਾ ਲੈ ਕੇ ਮਨ ਦੀ ਖੁਸ਼ੀ ਕਰ ਲੈ । ਇਸ ਕਰਕੇ ਗੁਰੂ ਜੀ ਨੇ ਗੁਰਬਾਣੀ ਦਾ ਅਦਬ ਅਤੇ ਸ਼ੁੱਧ ਪਾਠ ਦੇ ਮਹਾਤਮ ਦਾ ਸਿੱਖਾਂ ਨੂੰ ਨਿਸਚੇ ਕਰਵਾਇਆ ਅਤੇ ਗੁਰਬਾਣੀ ਅਨੁਸਾਰ ਜੀਵਨ ਨੂੰ ਢਾਲਣ ਦਾ ਉਪਦੇਸ਼ ਦਿੱਤਾ, ਫੁਰਮਾਇਆ ਕਿ ਗੁਰਬਾਣੀ ਦਾ ਸਤਿਕਾਰ ਪ੍ਰਤੱਖ ਗੁਰਾਂ ਨਾਲੋਂ ਵੀ ਜ਼ਿਆਦਾ ਕਰਨਾ । ਗੁਰਬਾਣੀ ਤੁਹਾਡੀ ਹਰ ਸਮੇਂ ਹਰ ਦੁੱਖ ਵਿੱਚ ਸਹਾਇਕ ਹੋਵੇਗੀ ।

ਜਿਸ ਵੇਲੇ ਬੀਬੀ ਵੀਰੋ ਦਾ ਵਿਆਹ ਰੱਖਿਆ ਗਿਆ ਤਾਂ ਉਸ ਵੇਲੇ ਸ਼ਾਹਜਹਾਨ ਨੇ ਸਮਝ ਲਿਆ ਕਿ ਗੁਰੂ ਜੀ ਅਤੇ ਸਿੱਖ ਵਿਆਹ ਵਿੱਚ ਰੁੱਝੇ ਹਨ । ਅਚਾਨਕ ਹੀ ਹੱਲਾ ਬੋਲ ਦਿੱਤਾ । ਸੰਗਤਾਂ ਘਬਰਾ ਗਈਆਂ, ਰਿਸ਼ਤੇਦਾਰ ਅਤੇ ਮੋਹਰੀ ਸਿੱਖ ਗੁਰੂ ਜੀ ਨੂੰ ਕਹਿਣ ਲਗੇ ਕਿ ਬੀਬੀ ਦੇ ਦਾਜ ਦਾ ਸਮਾਨ ਅਤੇ ਬੀਬੀ ਨੂੰ ਸੁਰੱਖਿਅਤ ਥਾਂ ਤੇ ਪਹੁੰਚਾਣਾ ਚਾਹੀਦਾ ਹੈ। ਸਾਰੇ ਆਪੋ ਆਪਣੀ ਮੱਤ ਅਨੁਸਾਰ ਗੁਰੂ ਜੀ ਨੂੰ ਸਲਾਹ ਦੇਣ ਲੱਗੇ। ਉਸ ਵੇਲੇ ਧੰਨ ਸ਼੍ਰੀ ਹਰਿਗੋਬਿੰਦ ਸਾਹਿਬ ਜੀ ਨੇ ਬਚਨ ਕੀਤਾ ਕਿ ਸਾਰੇ ਧਨ ਪਦਾਰਥਾਂ ਅਤੇ ਬੀਬੀ ਨਾਲੋਂ ਵੀ ਕਿਤੇ ਵੱਧ ਜ਼ਰੂਰੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੈ। ਬੀੜ ਸਾਹਿਬ ਨੂੰ ਸੁਰੱਖਿਅਤ ਪਹੁੰਚਾਣਾ ਚਾਹੀਦਾ ਹੈ। ਉਸ ਵੇਲੇ ਗੁਰੂ ਜੀ ਨੇ ਬੀੜ ਸਾਹਿਬ ਨੂੰ ਆਪਣੇ ਸਿਰ ਉੱਪਰ ਚੁੱਕ ਕੇ ਘੋੜਾ ਦੁੜਾ ਕੇ ਬੀੜ ਸਾਹਿਬ ਝਬਾਲ ਛੱਡ ਕੇ ਆਏ ਅਤੇ ਫਿਰ ਤੁਰਕਾਂ ਨਾਲ ਯੁੱਧ ਕੀਤਾ ਅਤੇ ਗੁਰੂ ਜੀ ਦੀ ਜਿੱਤ ਹੋਈ । ਤੁਰਕਾਂ ਨੂੰ ਮੂੰਹ ਦੀ ਖਾਣੀ ਪਈ। ਬੀੜ ਸਾਹਿਬ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਬੀਬੀ ਅਤੇ ਦਾਜ ਦਾ ਸਮਾਨ ਹੋਰ ਧਨ ਪਦਾਰਥਾਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਸਿੱਖਾਂ ਨੂੰ ਉਪਦੇਸ਼ ਕੀਤਾ ਦੁਨੀਆਂ ਦੇ ਕੀਮਤੀ ਧਨ ਪਦਾਰਥਾਂ ਨਾਲੋਂ ਵੱਧ ਗੁਰਬਾਣੀ ਨੂੰ ਮੰਨਣਾ ਹੈ। ਭਾਵੇਂ ਤਨ ਦੇ ਟੁਕੜੇ-ਟੁਕੜੇ ਹੋ ਜਾਣ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਆਂਚ ਨਹੀਂ ਆਉਣ ਦੇਣੀ।

ਸੱਤਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਗੁਰਬਾਣੀ ਦੇ ਅਦਬ ਸਤਿਕਾਰ ਰੱਖਣ ਲਈ ਆਪ ਪੂਰਨੇ ਪਾਏ ਅਤੇ ਸਿੱਖਾਂ ਨੂੰ ਉਪਦੇਸ਼ ਕੀਤਾ ਕਿ ਜਿਹੜਾ ਵੀ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦਾ ਭੈ ਅਤੇ ਅਦਬ ਰੱਖੇਗਾ ਉਹ ਬਿਨਾਂ ਕਿਸੇ ਯਤਨ ਦੇ ਭਵਸਾਗਰ ਤੋਂ ਸੁਖੈਣ ਹੀ ਤਰ ਜਾਵੇਗਾ ਅਤੇ ਜਿਹੜਾ ਬਾਣੀ ਦਾ ਭੈ ਅਤੇ ਅਦਬ ਨਹੀਂ ਰੱਖੇਗਾ ਉਹ ਅਸਾਡਾ ਸਿੱਖ ਹੀ ਨਹੀਂ ਹੋਵੇਗਾ। ਕਦੇ ਵੀ ਸਾਡਾ ਸਿੱਖ ਨਹੀਂ।

ਜੋ ਸਿੱਖ ਗੁਰਬਾਣੀ ਭੈ ਕਰੈ।
ਬਿਨ ਪ੍ਰਯਾਸ ਭਵਸਾਗਰ ਤਰੈ॥
ਜਿਨਿ ਭੈ ਅਦਬ ਨਾ ਬਾਣੀ ਧਾਰਾ।
ਜਾਨਹੁ ਸੋ ਸਿੱਖ ਨਹੀਂ ਹਮਾਰਾ।। (ਸੂਰਜ ਪ੍ਰਕਾਸ਼)

ਗੁਰਬਾਣੀ ਦੇ ਭੈਅ ਅਤੇ ਅਦਬ ਬਦਲੇ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਏ ਜੀ ਨੂੰ ਗੁਰਬਾਣੀ ਦੀ ਇੱਕ ਤੁਕ ਪਲਟਾਉਣ ਪਦਲੇ ਸਾਰੀ ਉਮਰ ਮੱਥੇ ਨਾ ਲੱਗਣ ਦਾ ਬੜਾ ਸਖਤ ਬਚਨ ਕੀਤਾ ਅਤੇ ਤੋੜ ਨਿਭਾਇਆ। ਇਕ ਦਿਨ ਸੰਗਤ ਗੁਰਬਾਣੀ ਦੇ ਸ਼ਬਦ ਪੜਦੀ ਆ ਰਹੀ ਸੀ। ਜਦੋਂ ਸੰਗਤ ਨੇੜੇ ਆਈ ਬਾਣੀ ਦੀ ਆਵਾਜ਼ ਕੰਨ੍ਹਾਂ ਵਿੱਚ ਪਈ ਇੱਕ ਦਮ ਕਾਹਲੀ ਨਾਲ ਪਲੰਘ ਤੋਂ ਉੱਠਣ ਲੱਗੇ ਤਾਂ ਗੋਡੇ ਨੂੰ ਸੱਟ ਲੱਗ ਗਈ ਅਤੇ ਸੰਗਤ ਕਹਿਣ ਲਗੀ ਮਹਾਰਾਜ ਬਾਣੀ ਵੀ ਤੁਹਾਡੀ ਹੀ ਰਚਨਾ

ਹੈ। ਸੰਗਤ ਵੀ ਤੁਹਾਡੀ ਹੈ, ਸ਼ਬਦ ਵੀ ਤੁਹਾਡੇ ਹਨ, ਫਿਰ ਕਾਹਲੀ ਦੀ ਕੀ ਲੋੜ ਸੀ। ਉਸ ਵੇਲੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਭਾਈ ਬਾਣੀ ਧੁਰੋਂ ਆਈ ਹੈ। ਅਕਾਲ ਪੁਰਖ ਦੀ ਰਚਨਾ ਹੈ। ਬਾਣੀ ਕੋਈ ਮਨੋ ਕਲਪਤ ਕਹਾਣੀ ਨਹੀਂ ਹੈ। ਨਾਂ ਹੀ ਕਿਸੇ ਦੇ ਨਿੱਜੀ ਵਿਚਾਰ ਹਨ। ਇਹ ਤਾਂ ਪਰਮੇਸ਼ਰ ਨਾਲ ਅਕਾਲ ਪਰੁਖ ਦੇ ਪ੍ਰਵਚਨ ਹਨ। ਇਸ ਕਰਕੇ ਗੁਰਬਾਣੀ ਦਾ ਜਿਤਨਾ ਵੀ ਵੱਧ ਤੋਂ ਵੱਧ ਸਤਿਕਾਰ ਕੀਤਾ ਜਾਵੇ ਥੋੜ੍ਹਾ ਹੀ ਹੈ ਅਤੇ ਬਚਨ ਕੀਤਾ ਕਿ ਬਾਣੀ ਗੁਰੂ ਕਾ ਰਿਦਾ ਹੈ। ਜੋ ਹਰ ਸਮੇਂ ਰਹੇਗਾ। ਗੁਰੂ ਦਾ ਸਰੀਰ ਤਾਂ ਬਿਨਸਹਾਰ ਹੈ। ਤੁਸੀਂ ਸਰੀਰ ਨਾਲ ਨਹੀਂ ਜੁੜਨਾਂ ਬਾਣੀ ਨਾਲ ਜੁੜਨਾ ਹੈ।

ਇਕ ਦਿਨ ਗੁਰੂ ਜੀ ਗੋਇੰਦਵਾਲ ਸਾਹਿਬ ਗਏ ਛੋਟੇ ਸਾਹਿਬਜਾਦੇ ਸ਼੍ਰੀ ਹਰਿਕ੍ਰਿਸ਼ਨ ਸਾਹਿਬ ਨਾਲ ਸਨ। ਗੁਰਬਾਣੀ ਦੇ ਪ੍ਰਭਾਵ ਬਾਰੇ ਬਚਨ ਕਰਨ ਲੱਗੇ। ਦੁਪਹਿਰ ਦਾ ਸਮਾਂ ਸੀ ਘਿਉ ਵਾਲੀ ਕੁੱਜੀ ਦੀ ਠੀਕਰੀ ਉੱਪਰ ਨਜਰ ਪਈ। ਸੂਰਜ ਦੀ ਗਰਮੀ ਨਾਲ ਘੀ ਠੀਕਰੀ ਵਿੱਚੋਂ ਸਿਮ ਰਿਹਾ ਸੀ। ਮਹਾਰਾਜ ਜੀ ਕਹਿਣ ਲੱਗੇ ਕਿ ਜਿਸ ਤਰ੍ਹਾਂ ਸੂਰਜ ਦੀ ਗਰਮੀ ਨਾਲ ਪਿਘਲ ਕੇ ਘੀ ਬਾਹਰ ਆ ਗਿਆ ਹੈ ਤੇ ਚਮਕਣ ਲੱਗਾ ਹੈ ਇਸੇ ਤਰ੍ਹਾਂ ਜਿਹੜੇ ਸਿੱਖ ਗੁਰਬਾਣੀ ਦਾ ਭੈ ਅਤੇ ਅਦਬ ਰੱਖਦੇ ਹਨ। ਉਨ੍ਹਾਂ ਦੇ ਹਿਰਦੇ ਥਿੰਦੇ ਤਾਂ ਹੁੰਦੇ ਹੀ ਹਨ। ਜਦੋਂ ਕਿਤੇ ਦੁੱਖਾਂ ਮੁਸੀਬਤਾਂ ਦਾ ਸੂਰਜ ਨਿੱਕਲ ਆਵੇ ਤਾਂ ਹੋਰ ਵੀ ਤੇਜ਼ ਵਾਲੇ ਹੋ ਕੇ ਚਮਕਦੇ ਹਨ। ਭਾਵ ਦੁੱਖਾਂ ਔਕੜਾਂ ਸਮੇਂ ਵੀ ਡੋਲਦੇ ਨਹੀਂ ਹੋਰ ਵੀ ਤੇਜ਼ ਵਾਲੇ ਹੋ ਜਾਂਦੇ ਹਨ। ਜੋ ਗੁਰਬਾਣੀ ਪੜ੍ਹੇਗਾ ਅਤੇ ਵਿਚਾਰੇਗਾ ਅੰਤ ਸਮੇਂ ਉੱਚੇ ਪਦ ਖੜੇਗਾ। ਮਹਾਰਾਜ ਜੀ ਨੇ ਉਪਦੇਸ਼ ਦਿੱਤਾ ਕਿ ਸਾਡੇ ਸਰੀਰ ਤੋਂ ਬਾਅਦ ਲੋਕ ਆਪੋ ਧਾਪੀ ਅਤੇ ਅਨੇਕਾਂ ਪ੍ਰਕਾਰ ਦੇ ਪਖੰਡ ਰਚਣਗੇ। ਤੁਸੀਂ ਹਮੇਸ਼ਾਂ ਦ੍ਰਿੜ੍ਹ ਚਿਤ ਰਹਿਣਾ ਹੈ। ਗੁਰੂ ਸਰੀਰ ਨਹੀਂ ਹੈ। ਜੋਤ ਹੈ ਉਹ ਅਨੁਭਵ ਬਾਣੀ ਵਿੱਚ ਹੈ। ਗੁਰਬਾਣੀ ਹੀ ਤ੍ਰਿਸਣਾ ਅਤੇ ਹਉਮੈ ਨੂੰ ਮਾਰਨ ਵਾਲੀ ਹੈ। ਦੁੱਖਾਂ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲੀ ਹੈ। ਗੁਰਬਾਣੀ ਦਾ ਅਦਬ ਅਤੇ ਭੈ ਰੱਖਿਆਂ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ। ਭੈ ਬਿਨਾ ਭਗਤੀ ਨਹੀਂ ਭਗਤੀ ਬਿਨਾਂ ਗਿਆਨ ਨਹੀਂ ਹੋਣਾ ਅਤੇ ਗਿਆਨ ਤੋਂ ਬਿਨਾਂ ਮੁੱਕਤੀ ਨਹੀਂ ਹੋਣੀ। ਹਮੇਸ਼ਾ ਗੁਰਬਾਣੀ ਦਾ ਹੀ ਆਸਰਾ ਲੈਣਾ ਹੈ। ਜੋ ਲੋਕ ਪ੍ਰਲੋਕ ਸਹਾਇਤਾ ਕਰਨ ਵਾਲੀ ਹੈ।

ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ॥

ਅੱਠਵੇਂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਅੰਤਮ ਸਮੇਂ ਸੰਗਤਾਂ ਨੂੰ ਧੀਰਜ ਦਾ ਉਪਦੇਸ਼ ਦਿੰਦੇ ਹੋਏ ਫਰਮਾਉਂਦੇ ਹਨ ਕਿ ਹੇ ਭਾਈ ਗੁਰੂ ਗ੍ਰੰਥ ਸਾਹਿਬ ਸਾਰਿਆਂ ਦੇ ਮਾਲਕ ਹਨ। ਸਾਡੇ ਦਰਸ਼ਨ ਗੁਰੂ ਗ੍ਰੰਥ ਵਿੱਚੋਂ ਹੋਣਗੇ। ਜੋ ਸ਼ਰਧਾ ਅਤੇ ਸਤਿਕਾਰ ਅਤੇ ਭੈ ਰੱਖੇਗਾ ਉਨ੍ਹਾਂ ਦੇ ਹਰ ਪ੍ਰਕਾਰ ਦੇ ਦੁੱਖ ਗੁਰੂ ਗ੍ਰੰਥ ਸਾਹਿਬ ਤੱਤ ਛਿਨ ਵਿੱਚ ਹੀ ਨਾਸ਼ ਕਰ ਦੇਣਗੇ। ਜੇ ਕੋਈ ਸਾਡੇ ਨਾਲ ਬਚਨ ਕਰਨਾ ਚਾਹੇ ਤਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਅਤੇ ਜੋ ਲਿਖਿਆ ਹੈ ਉਹ ਕਰਨਾ ਹੈ। ਗੁਰਬਾਣੀ ਅਨੁਸਾਰ ਕਰਨ ਤੇ ਜੋ ਵੀ ਚਾਹੋਗੇ ਉਹ ਪ੍ਰਾਪਤ ਹੋ ਜਾਵੇਗਾ। ਚਾਰ ਪਦਾਰਥ ਸੁੱਤੇ ਸਿੱਧ ਹੀ ਪ੍ਰਾਪਤ ਹੋ ਜਾਣਗੇ। ਕਦੇ ਵੀ ਕੋਈ ਇੱਛਾ ਹੋਵੇ ਕੋਈ ਵਿਘਨ ਆ ਪਵੇ, ਮਨ ਨਾ ਟਿੱਕੇ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਜਾ ਕੇ ਅਰਦਾਸ ਬੇਨਤੀ ਕਰਨੀ। ਗੁਰੂ ਗ੍ਰੰਥ ਸਾਹਿਬ ਉਸ ਵੇਲੇ ਹੀ ਸਹਾਇਕ ਹੋਣਗੇ। ਹਰ ਰੋਜ ਬਾਣੀ ਪੜਨੀ ਅਤੇ ਸੁਣ ਕੇ ਵਿਚਾਰ ਕਰਨੀ। ਸਤਿਨਾਮ ਦਾ ਸਿਮਰਨ ਹਰ ਵੇਲੇ ਕਰਦੇ ਰਹਿਣਾ।

ਹਿੰਦ ਦੀ ਚਾਦਰ ਤਿਆਗ ਦੀ ਮੂਰਤ ਮਜ਼ਲੂਮਾਂ ਦੇ ਰਾਖੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਬਾਣੀ ਦਾ ਪਾਠ ਅੰਮ੍ਰਿਤ ਵੇਲੇ ਪ੍ਰਰੰਭ ਕਰਕੇ ਰਾਤ ਗਈ ਤੱਕ ਕਰਦੇ ਹੀ ਰਹਿੰਦੇ। ਬੋਲਣਾ ਤਾਂ ਕੀ ਸੀ ਸਗੋਂ ਕਿਸੇ ਵੱਲ ਤੱਕਦੇ ਵੀ ਨਹੀਂ ਸਨ। ਲਗਭਗ ਤੀਹ ਸਾਲ ਲਗਾਤਾਰ ਇਸ ਪ੍ਰਕਾਰ ਤਪ ਕੀਤਾ। ਇਕ ਦਿਨ ਮੱਖਣ ਸ਼ਾਹ ਲੁਬਾਣੇ ਨੇ ਬੇਨਤੀ ਕੀਤੀ ਕਿ ਮਹਾਰਾਜ ਕ੍ਰਿਪਾ ਕਰੋ ਹਮੇਸ਼ਾ ਹੀ ਆਪ ਜੀ ਦੀ ਚਰਨ ਸ਼ਰਨ ਰਹੀਏ। ਆਪ ਜੀ ਦੇ ਦਰਸ਼ਣ ਹਮੇਸ਼ਾ ਹੀ ਹੁੰਦੇ ਰਹਿਣ। ਉਸ ਵੇਲੇ ਗੁਰੂ ਜੀ ਨੇ ਬਚਨ ਕੀਤਾ ਕਿ ਹਰ ਵੇਲੇ ਸਤਿਨਾਮ ਦਾ ਜਾਪ ਕਰਨਾ ਅਤੇ ਗੁਰਬਾਣੀ ਦਾ ਪਾਠ ਸਰਧਾ ਭੈ ਅਤੇ ਸਤਿਕਾਰ ਨਾਲ ਕਰਨ ਕਰਕੇ ਮਨ ਨੂੰ ਸ਼ਾਂਤੀ ਮਿਲਦੀ ਹੈ।

ਦਸ਼ਮੇਸ਼ ਪਿਤਾ ਕਲਗੀਧਰ ਪਾਤਸ਼ਾਹ ਸਰਬੰਸਦਾਨੀ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਨੰਦਪੁਰ ਸਾਹਿਬ ਬਿਰਾਜਮਾਨ ਹਨ। ਇਕ ਦਿਨ ਇੱਕ ਸਿੱਖ ਦੱਖਣੀ ਓਕਾਂਰ ਬਾਣੀ ਦਾ ਪਾਠ ਕਰ ਰਿਹਾ ਸੀ। ਬਾਣੀ ਵਿੱਚ ਤੁੱਕ ਆਉਂਦੀ ਹੈ ਕਿ

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ॥

ਤੁੱਕ ਦਾ ਭਾਵ ਉਸ ਅਕਾਲ ਪੁਰਖ ਪਰਮੇਸ਼ਰ ਜੋ ਸਾਰਿਆਂ ਦਾ ਕਰਤਾ ਹੈ ਰਚਣਹਾਰ ਹੈ। ਉਸਦੀ ਮਰਆਦਾ ਨੂੰ ਉਹ ਆਪ ਹੀ ਜਾਣ ਸਕਦਾ ਹੈ। ਜਾਂ ਕੋਈ ਗੁਰੂ ਸੂਰਾ ਜਾਣ ਸਕਦਾ ਹੈ। ਪ੍ਰੰਤੂ ਉਹ ਸਿੱਖ ਪੜ ਰਿਹਾ ਸੀ ਕਿ 'ਕਰਤੇ ਕੀ ਮਿਤ ਕਰਤਾ ਜਾਣੇ ਕੇ ਜਾਣੇ ਗੁਰ ਸੂਰਾ' ਜਿਸਦਾ ਅਰਥ ਨਿਕਲਦਾ ਹੈ ਕਿ ਕਰਤੇ ਦੀ ਮਰਯਾਦਾ ਨੂੰ ਗੁਰ ਸੂਰਾ ਕੀ ਜਾਣ ਸਕਦਾ ਹੈ ਅਰਥ ਬਿਲਕੁੱਲ ਉਲਟ, ਗਲਤ ਹੋ ਗਏ। ਮਹਾਰਾਜ ਜੀ ਨੇ ਉਸ ਗੁਰ ਸਿੱਖ ਦੇ ਥੱਪੜ ਮਾਰਨ ਲਈ ਕਿਹਾ। ਅੱਗੋਂ ਸਿੱਖ ਨੇ ਆ ਕੇ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਭਾਈ ਅਸੀਂ ਹੀ ਹੁਕਮ ਕੀਤਾ ਸੀ। ਤੇਰੇ ਸਿਰਫ ਇੱਕ ਲਗ ਨੂੰ ਅਸ਼ੁੱਧ ਉਚਾਰਨ ਕਰਨ ਅਰਥ ਬਿਲਕੁਲ ਉਲਟਾ ਹੋ ਗਿਆ। ਗੁਰਬਾਣੀ ਸਾਡਾ ਆਪਣਾ ਪ੍ਰਤੱਖ ਸਰੀਰ ਤੇ ਸਰੂਪ ਹੈ ਜਿਸ ਦੇ ਅੱਖਰ ਲਗਾਂ ਮਾਤਰਾਂ ਸਾਡੇ ਅੰਗ ਤੇ ਰੋਮ ਹਨ।

ਮੇਰੋ ਦੂਸਰ ਰੂਪ ਗ੍ਰੰਥ ਜੀ ਮਾਨੋ, ਉਨਕੋ ਅੰਗ ਮੇਰੋ ਕਰ ਜਾਨੋ॥

ਮਹਾਰਾਜ ਜੀ ਨੇ ਫੁਰਮਾਇਆ ਕਿ ਗੁਰਬਾਣੀ ਦਾ ਅਸ਼ੁੱਧ ਪਾਠ ਕਰਨਾ ਮਹਾਨ ਬੇਅਦਬੀ ਅਤੇ ਨਾਂ ਬਖਸਿਆ ਜਾਣ ਵਾਲਾ ਅਪ੍ਰਾਧ ਹੈ।

ਉਸ ਵੇਲੇ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਕ੍ਰਿਪਾ ਕਰਕੇ ਅਸਾਨੂੰ ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ਸਿਖਾਓ ਤਾਂ ਗੁਰੂ ਕਲਗੀਧਰ ਪਾਤਸ਼ਾਹ ਨੇ ਕਿਹਾ ਕਿ ਹੁਣ ਜੰਗਾਂ, ਯੁੱਧਾਂ ਦਾ ਸਮਾਂ ਹੈ। ਜਦੋਂ ਕਿਤੇ ਇਸ ਪਾਸਿਉਂ ਸ਼ਾਂਤੀ ਹੋਈ ਫਿਰ ਸਭ ਨੂੰ ਸੰਪੂਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਉਚਾਰਨ ਅਤੇ ਅਰਥਾਂ ਸਹਿਤ ਵਿਆਖਿਆ ਕੀਤੀ ਜਾਵੇਗੀ।

ਜਿਸ ਵੇਲੇ ਗੁਰੂ ਸਾਹਿਬ ਜੰਗਾਂ ਯੁੱਧਾਂ ਤੋਂ ਬਾਅਦ ਸਾਬੋ ਕੀ ਤਲਵੰਡੀ ਦਮਦਮਾਂ ਸਾਹਿਬ ਪਹੁੰਚੇ। ਗੁਰੂ ਸਾਹਿਬ ਨੇ ਪੰਝੀ ਸਿੱਖ ਨੰਗੇ ਪੈਰੀਂ ਕਰਤਾਰਪੁਰ ਧੀਰ ਮੱਲੀਆਂ ਦੇ ਪਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਉਣ ਲਈ ਭੇਜੇ। ਅੱਗੋਂ ਧੀਰ ਮੱਲੀਆਂ ਨੇ ਬੀੜ ਸਾਹਿਬ ਦੇਣ ਤੋਂ ਇਨਕਾਰ ਕਰ ਦਿੱਤਾ ਉਨ੍ਹਾਂ ਨੇ ਸੋਚਿਆ ਜੇ ਬੀੜ ਸਾਹਿਬ ਅਸੀਂ ਦੇ ਦਿੱਤੀ ਸਾਨੂੰ ਚੜਾਵਾ ਕਿੱਥੋਂ ਆਊ ਕਿਸੇ ਨੇ ਪੈਸਾ ਨਹੀਂ ਦੇਣਾ ਅਤੇ ਅੱਗੋਂ ਕਹਿਣ ਲੱਗੇ ਕਿ ਗੁਰੂ ਗੋਬਿਦ ਸਿੰਘ ਜੇਕਰ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਹੈ ਤਾਂ ਉਹ ਖੁਦ ਕਿਉਂ ਨਹੀਂ ਰਚ ਲੈਂਦੇ। ਉਸ ਵੇਲੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੧ਓ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਸੰਪੂਰਨ ਬੀੜ ਕੰਠੋਂ ਉਚਾਰਨ ਕਰਕੇ ਭਾਈ ਮਨੀ ਸਿੰਘ ਪਾਸੋਂ ਲਿਖਵਾਈ ਜਦੋਂ ਬੀੜ ਸਾਹਿਬ ਸੰਪੂਰਨ ਹੋ ਗਈ ਫਿਰ ਸਾਰੀ ਬੀੜ ਸਾਹਿਬ ਦੇ ਅਰਥ ਸਿੱਖਾਂ ਨੂੰ ਸਮਝਾਏ। ਇਤਿਹਾਸਕਾਰ ਲਿਖਦੇ ਹਨ ਕਿ ਸੰਗਤਾਂ ਦੀ ਗਿਣਤੀ ਤਾਂ ਬਹੁਤ ਸੀ ਪ੍ਰੰਤੂ 48 ਸਿੰਘ ਉਹ ਸਨ ਜਿਨ੍ਹਾਂ ਨੇ ੧ਓ ਤੋਂ ਲੈ ਕੇ ਰਾਗ ਮਾਲਾ ਤੱਕ ਸੰਪੂਰਨ ਅਰਥ ਸਰਵਣ ਕੀਤੇ। ਜਿਸ ਵੇਲੇ ਭੋਗ ਪਾਇਆ ਗਿਆ ਉਸ ਵਕਤ 48 ਸਿੰਘ ਸੰਗਤ ਵਿੱਚੋਂ ਹੀ ਅਲੋਪ ਹੋ ਗਏ ਭਾਵ ਬੈਠੇ ਹੀ ਬਿਦੇਹ ਮੁਕਤ ਹੋ ਕੇ ਸੱਚਖੰਡ ਚਲੇ ਗਏ। ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਗੁਰੂ ਜੀ ਦੇ ਹਜੂਰ ਹੀ ਬੈਠਦੇ ਸਨ ਜਦੋਂ ਇਹ ਦੋਵੇਂ ਸਿੰਘ ਜਾਣ ਲੱਗੇ ਮਹਾਰਾਜ ਜੀ ਨੇ ਬੜੇ ਹੀ ਜੋਰ ਨਾਲ ਦੋਹਾਂ ਨੂੰ ਪਕੜ ਲਿਆ ਸਿੰਘਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਅਸੀਂ ਬਿਦੇਹ ਮੁਕਤ ਸੱਚਖੰਡ ਜਾ ਰਹੇ ਹਾਂ ਤਾਂ ਉਸ ਵਕਤ ਮਹਾਰਾਜ ਜੀ ਨੇ ਕਿਹਾ ਕਿ ਭਾਈ ਜੇ ਤੁਸੀਂ ਵੀ ਸੱਚ ਖੰਡ ਚਲੇ ਗਏ। ਫਿਰ ਸੰਗਤਾਂ ਨੂੰ ਗੁਰਬਾਣੀ ਦੇ ਅਰਥ ਕੌਣ ਸਮਝਾਵੇਗਾ। ਗੁਰੂ ਜੀ ਨੇ ਬਚਨ ਕੀਤਾ ਤੁਹਾਡੇ ਪਾਸੋਂ ਅਜੇ ਸੇਵਾ ਲੈਣੀ ਹੈ ਤੁਸੀਂ ਬਦੇਹ ਮੁਕਤ ਨਹੀਂ ਜੀਵਨ ਮੁਕਤ ਹੋਵੇਗੇ। ਭਾਈ ਮਨੀ ਸਿੰਘ ਜੀ ਨੂੰ ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾਂ ਸਾਹਿਬ ਵਿਖੇ ਸੰਗਤਾਂ ਨੂੰ ਗੁਰਬਾਣੀ ਦੀ ਸੰਥਿਆ ਨੂੰ ਭਾਵ ਅਰਥ ਸਮਝਾਉਣ ਦੀ ਸੇਵਾ ਬਖ਼ਸ਼ ਦਿੱਤੀ ਅਤੇ ਦੱਖਣ ਨੂੰ ਜਾਣ ਤੋਂ ਪਹਿਲਾਂ ਜੋ ਬੀੜ ਕੰਠੋਂ ਰਚੀ ਸੀ ਉਸਦਾ ਅਖੰਡ ਪਾਠ ਕਰਵਾਇਆ। ਗੁਰਬਾਣੀ ਦਾ ਇਤਨਾ ਸਤਿਕਾਰ,

ਅਦਬ ਕਰਦੇ ਸਨ। ਪੰਜ ਸਿੰਘ ਪਾਠੀ, ਪੰਜ ਸ੍ਰੀ ਜਪੁਜੀ ਸਾਹਿਬ, ਪੰਜ ਧੂਫ਼ੀਏ, ਪੰਜ ਪਹਿਰੇਦਾਰ, ਪੰਜ ਲਾਗਰੀ ਕੁੱਲ 25 ਸੇਵਾਦਾਰ ਲਾਏ ਸਨ। ਹਜ਼ੂਰ ਪਾਤਸ਼ਾਹ ਕਲਗੀ ਵਾਲਿਆਂ ਨੇ ਪੂਰਾ ਅਖੰਡ ਪਾਠ ਖੜੇ ਹੋ ਕੇ ਸ੍ਰਵਣ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੱਖਣ ਨਾਦੇੜ ਵਿਖੇ ਜਾ ਪਹੁੰਚੇ। ਉਥੇ ਗੁਰੂ ਜੀ ਨੇ ਅਨੇਕਾਂ ਪ੍ਰਕਾਰ ਦੇ ਕੌਤਕ ਕੀਤੇ। ਆਪਣੀ ਪੁਰਾਣੇ ਤਪ ਵਾਲੀ ਜਗ੍ਹਾ ਮੋਹਰ੍ਹਾਂ ਵਿਛਾ ਕੇ ਖਰੀਦੀ। ਸੱਚ ਖੰਡ ਜਾਣ ਦਾ ਸਮਾਂ ਨੇੜੇ ਆਣ ਕਰਕੇ ਸ਼੍ਰੀ ਅਖੰਡ ਸਾਹਿਬ ਪ੍ਰਾਰੰਭ ਕਰਵਾਇਆ। ਆਪ ਗੁਰੂ ਜੀ ਨੇ ਚਿੱਟਾ ਪੁਸ਼ਾਕਾ ਪਹਿਨ ਕੇ ਚੌਕੜਾ ਮਾਰ ਕੇ ਪੂਰਾ ਅਖੰਢ ਪਾਠ ੧ਓ ਤੋਂ ਲੈ ਕੇ ਭੋਗ ਪੈਣ ਤੱਕ ਚੌਂਕੜਾ ਮਾਰ ਕੇ ਪੂਰਾ ਅਖੰਡ ਪਾਠ ਸ੍ਰਵਣ ਕੀਤਾ। ਉੱਥੇ ਬੈਠੇ ਹੀ ਆਪਣੇ ਉਪਰ ਜਲ ਪਵਾ ਕੇ ਇਸ਼ਨਾਨ ਕਰ ਲੈਂਦੇ ਪ੍ਰੰਤੂ ਉਸ ਆਸਣ ਤੋਂ ਨਹੀਂ ਉੱਠੇ। ਜਦੋਂ ਭੋਗ ਪਿਆ ਸ਼੍ਰੀ ਜਪੁਜੀ ਸਾਹਿਬ ਦਾ ਪਾਠ ਪੜ ਕੇ ਅਰਦਾਸ ਉਪਰੰਤ ਪੰਜ ਸਿੰਘਾਂ ਨੂੰ ਭਾਈ ਗੁਰਬਖਸ਼ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਸ਼੍ਰੀ ਪਿਆਰੇ ਭਾਈ ਧਰਮ ਸਿੰਘ ਜੀ, ਭਾਈ ਸੰਤੋਖ ਸਿੰਘ ਤੇ ਭਾਈ ਹਰਿ ਸਿੰਘ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਖੜੇ ਕਰਕੇ ਪੰਜ ਪੈਸੇ ਨਾਰੀਅਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਪੰਜ ਪ੍ਰਕ੍ਰਿਮਾ ਕੀਤੀਆਂ। ਗੁਰਤਾ ਗੱਦੀ ਦਾ ਤਿਲਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾਇਆ ।

ਜਿਸ ਵੇਲੇ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਸੱਚ ਖੰਡ ਜਾਣ ਦੀ ਤਿਆਰੀ ਕਰਨ ਲੱਗੇ। ਉਸ ਵੇਲੇ ਸੰਗਤਾਂ ਦੀ ਜੋ ਅਵਸਥਾ ਪਾਣੀ ਤੋਂ ਬਿਨਾਂ ਤੜਪਦੀ ਮੱਛਲੀ ਵਾਂਗ ਹੋ ਰਹੀ ਸੀ। ਦਿਲ ਧੀਰਜ ਨਹੀਂ ਸਨ ਬੰਨ੍ਹਦੇ, ਅੱਖਾਂ ਵਿੱਚੋਂ ਸਤਿਗੁਰਾਂ ਦੇ ਅਸਿਹ ਵਿਛੋੜੇ ਕਾਰਨ ਬਰਸਾਹ ਦੇ ਪਾਣੀ ਵਾਂਗ ਜਲ ਵਹਿ ਰਿਹਾ ਸੀ। ਸਰੀਰ ਡੱਕੋ ਡੋਲੇ ਖਾ ਰਹੇ ਸਨ। ਕੁੱਝ ਸੁੱਝਦਾ ਨਹੀਂ ਸੀ। ਪੂਰੀ ਸੰਗਤ ਇਹ ਜਾਣਨ ਦੀ ਚਾਹਵਾਨ ਸੀ ਕਿ ਹੁਣ ਸਾਡੀ ਬਾਂਹ ਕੌਣ ਫੜੇਗਾ। ਕੌਣ ਸਾਨੂੰ ਧੀਰਜ ਦੇਵੇਗਾ। ਦਸ਼ਮੇਸ਼ ਪਿਤਾ ਨੇ ਸੰਗਤਾਂ ਨੂੰ ਦਿਲਾਸਾ ਦਿੰਦੇ ਹੋਏ ਫੁਰਮਾਇਆ ਸੀ ਕਿ। ਅੱਜ ਤੋਂ ਤੁਹਾਡਾ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ। ਜਿਸ ਨੇ ਦਸ ਗੁਰੂ ਸਾਹਿਬਾਨ ਦੇ ਦਰਸ਼ਨ ਕਰਨੇ ਹੋਣ ਜਾਂ ਬਚਨ ਕਰਨ ਨੂੰ ਮਨ ਕਰੇ। ਉਹ ਇਕ ਮਨ ਚਿਤ ਹੋ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਪੜ੍ਹੇ, ਸੁਣੇ ਅਤੇ ਵਿਚਾਰੇ, ਅਤੇ ਆਪਣੇ ਮੁਖਾਰਬਿੰਦ ਤੇ ਉਚਾਰਨ ਕੀਤਾ ਕਿ ਖਾਲਸਾ ਪੰਥ ਨੂੰ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ ਅਤੇ ਆਪ ਜੀ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕੀਤਾ ਅਤੇ ਉਚਾਰਨ ਕੀਤਾ :—

ਆਗਿਆ ਭਈ ਅਕਾਲ ਕੀ ਤਥੈ, ਚੁਲਾਯੋ ਪੰਥ
ਸੱਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਦੀ ਦੇਹ
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇ ਲੇਹ
ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ
ਖ਼ੁਆਰ ਹੋਏ ਸਭ ਮਿਲੈਂਗੇ ਬਚੇ ਸਰਨ ਜੋ ਹੋਇ॥

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੰਤਮ ਬਚਨ ਕਰਦੇ ਹੋਏ ਫਰਮਾਉਂਦੇ ਹਨ ਕਿ ਸਰੀਰਕ ਜਾਮਾ ਖਾਲਸੇ ਨੂੰ ਬਖਸ਼ਿਆ ਅਜਰ ਸਰੂਪ, ਜੋਤ ਗੁਰਬਾਣੀ ਹੈ,

ਸਤਿਗੁਰ ਹਮਾਰਾ ਅਪਰ ਆਪਾਰਾ ਸਬਦ ਬਿਚਾਰਾ ਅਜਰ ਜਰੰ॥
ਹਿਰਦੈ ਧਰ ਧਿਆਨੀ, ਉਚਰੀ ਬਾਣੀ, ਪਦ ਨਿਰਬਾਣੀ ਅਪਰੰ ਪਰੰ॥

ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਇੱਕ ਰੂਪ ਹੈ ਪ੍ਰਮਾਤਮਾ ਦੀ ਪਰਮ ਜੋਤ ਦਾ ਜੋ ਹਰ ਜਗ੍ਹਾ ਵਿਆਪਕ ਹੈ ਪ੍ਰੰਤੂ ਦਿਸ਼ਟਮਾਨ ਸਤਿਗੁਰ ਵਿੱਚ ਹੁੰਦੀ ਹੈ। ਦੂਜਾ ਰੂਪ ਗੁਰੂ ਗ੍ਰੰਥ ਸਾਹਿਬ ਇਹ ਸ਼ਬਦ ਰੂਪ ਗੁਰੂ ਦਾ ਆਤਮਕ ਰੂਪ ਹੈ ਜੋ ਨਿੱਤ ਨਵਾਂ ਅਤੇ ਮੈਲਾ ਕਦੇ ਨਹੀਂ ਹੁੰਦਾ। ਤੀਜਾ ਰੂਪ ਉਹ ਗੁਰਸਿੱਖ, ਮਹਾਂਪੁਰਖ, ਸੰਤਜਨ, ਰੱਬ ਦੇ ਪਿਆਰੇ ਗੁਰਬਾਣੀ ਵਿੱਚ ਰਤੇ ਅਤੇ ਗੁਰਬਾਣੀ ਅਨੁਸਾਰ ਹੀ ਆਪਣਾ ਜੀਵਨ ਬਤੀਤ ਕਰਦੇ ਹਨ। ਗੁਰੂ ਜੀ ਨੇ ਸੰਗਤ ਨੂੰ ਕਿਹਾ ਕਿ ਭਾਈ ਪਰਚਾ ਸ਼ਬਦ

ਕਾ ਦੀਦਾਰ ਖਾਲਸੇ ਕਾ ਪੂਜਾ ਆਕਾਲ ਕੀ ਅਤੇ ਫਰਮਾਇਆ ਕਿ ਅਸੀਂ ਤੁਹਾਨੂੰ ਅਜਿਹੇ ਗੁਰੂ ਦੇ ਲੜ ਲਗਾ ਕੇ ਚੱਲੇ ਹਾਂ ਜੋ ਕਦੇ ਵੀ ਕਾਇਆ ਨ ਬਦਲੇ, ਕੋਈ ਕਾਰ ਭੇਟਾ, ਪੂਜਾ ਨਾ ਮੰਗੇ, ਜੁਗੋ ਜੁਗ ਅਟਲ ਅਤੇ ਇਤਿਹਾਸਿਕ ਸਚਾਈ ਦੇ ਰੂਪ ਵਿੱਚ ਸੁਭਾਏ ਮਾਨੋ ਹੋਵੇ ਅਤੇ ਬਚਨ ਕੀਤਾ ਕਿ ਅੱਜ ਤੋਂ ਤੁਹਾਡਾ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਉਪਦੇਸ਼ ਦਿੱਤਾ ਕਿ ਮੇਰਾ ਹੀ ਦੂਸਰਾ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਨਣਾ, ਗੁਰੂ ਸਾਹਿਬ ਜੀ ਦੇ ਅੰਗਾਂ ਨੂੰ ਪੰਨਿਆਂ ਨੂੰ ਮੇਰੇ ਅੰਗ ਅਤੇ ਲਗਾਂ ਮਾਤਰਾਂ ਨੂੰ ਰੋਮ ਸਮਝਣਾ

> ਮੇਰੋ ਦੂਸਰ ਰੂਪ ਗੁਰੂ ਗ੍ਰੰਥ ਜੀ ਜਾਨ।
> ਉਨਕੋ ਅੰਗ ਮੇਰੋ ਕਰ ਮਾਨ॥

ਅਤੇ ਸੰਗਤਾਂ ਨੂੰ ਸੰਬੋਧਨ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਸਰੂਪ ਹੈ ਅਤੇ ਕਲਜੁੱਗ ਦੇ ਸਮੇਂ ਵਿੱਚ ਗੁਰੂ ਸਮਾਨ, ਗੁਰੂ ਜਾਣ ਕੇ ਹੀ ਆਦਰ ਸਤਿਕਾਰ ਕਰਨਾ ਅਤੇ ਬਚਨ ਕੀਤਾ ਤੁਸੀਂ ਸਾਰੇ ਅਸਾਡੇ ਬਚਨਾਂ ਨੂੰ ਸਤਿ ਕਰਕੇ ਮੰਨਣਾ ਕਰੋ ਕਿ ਜੋ ਮੈਂ ਬਚਨ ਕਰ ਰਿਹਾ ਹਾਂ ਉਹ ਸੱਚ ਹੈ ਸੱਚ ਬਚਨ ਕਰ ਰਿਹਾ ਹਾਂ। ਮਹਾਰਾਜ ਜੀ ਨੇ ਉਚਾਰਨ ਕੀਤਾ ਕਿ ਜੋ ਵੀ ਉਪਦੇਸ਼ ਬਚਨ ਤੁਹਾਨੂੰ ਦੱਸ ਰਿਹਾ ਹਾਂ ਸੁਣਾ ਰਿਹਾ ਹਾਂ ਇਸ ਵਿੱਚ ਮੇਰੀ ਕੋਈ ਵਿਚਾਰਧਾਰਾ ਜਾਂ ਮਨ ਕਲਪਤ ਨਹੀਂ। ਮੈਨੂੰ ਤਾਂ ਜੋ ਅਕਾਲ ਪੁਰਖ ਨੇ ਕਿਹਾ ਉਪਦੇਸ਼ ਦਿੱਤਾ ਹੈ। ਉਹੀ ਉਪਦੇਸ਼ ਬਚਨ ਜੱਗ ਨੂੰ, ਸੰਸਾਰ ਨੂੰ ਦੇ ਰਿਹਾ ਹਾਂ।

> ਜੋ ਨਿਜਿ ਪ੍ਰਭਮੋ ਸੋ ਕਹਾ ਸੋ ਕਹਿਹੋ ਜਗ ਮਾਹਿ

(ਦੋਹਰਾ ਪਤਸ਼ਾਹੀ ਦਸਵੀਂ)

ਕਲਗੀਧਰ ਪਾਤਸ਼ਾਹ ਨੇ ਸੰਗਤਾਂ ਨੂੰ ਫੁਰਮਾਇਆ ਕਿ ਤੁਹਾਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ, ਔਕੜ ਆ ਜਾਵੇ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਜਾ ਕੇ ਅਰਦਾਸ ਬੇਨਤੀ ਕਰਨੀ ਗੁਰੂ ਗ੍ਰੰਥ ਸਾਹਿਬ ਉਸੇ ਵਕਤ ਤੁਹਾਡੇ ਸਹਾਇਕ ਹੋ ਕੇ ਤੁਹਾਡੀ ਹਰ ਪ੍ਰਕਾਰ ਰੱਖਿਆ ਕਰਨਗੇ।

> ਸਰਨ ਗ੍ਰੰਥ ਸਾਹਿਬ ਜੀ ਜਾਇ॥
> ਤਤਛਿਨ ਸਤਿਗੁਰ ਬਨੇ ਸਹਾਇ॥

ਮਹਾਰਾਜ ਜੀ ਨੇ ਬਚਨ ਕੀਤਾ ਕਿ ਹੇ ਭਾਈ ਹੇ ਗੁਰਸਿੱਖ ਸੰਗਤ ਤੁਸੀਂ ਸਾਡੇ ਸਰੀਰ ਤੋਂ ਵੀ ਕਿਤੇ ਜਿਆਦਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਹਿਬ ਜਾਨਕੇ ਅਦਬ ਸਤਿਕਾਰ ਕਰਨਾ ਹੈ। ਜੇਕਰ ਕਿਸੇ ਵੀ ਗੁਰਸਿੱਖ ਦਾ ਸਾਡੇ ਨਾਲ ਬਚਨ ਕਰਨ ਲਈ ਮਨ ਕਰੇ ਤਾਂ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾਂ ਜੋ ਵੀ ਗੁਰਬਾਣੀ ਦੇ ਅੰਮ੍ਰਿਤ ਮਈ ਬਚਨ ਪੜੇਗਾ ਸੁਣੇਗਾ ਉਹ ਸਾਡੇ ਹੀ ਹੋਵਣਗੇ। ਜੇਕਰ ਤੁਹਾਡੇ ਮਨ ਵਿੱਚ ਦਰਸ਼ਨ ਕਰਨ ਦੀ ਇੱਛਾ ਬਣੇ ਉਸ ਵੇਲੇ ਸ਼੍ਰੀ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨੇ ਤੁਹਾਨੂੰ ਮੇਰੇ ਹੀ ਦਰਸ਼ਨ ਹੋ ਜਾਣਗੇ।

ਜਿਸ ਪ੍ਰਕਾਰ ਗੁਰੂ ਕਲਗੀਧਰ ਪਾਤਸ਼ਾਹ ਨੇ ਸੰਗਤਾਂ ਨੂੰ ਦਿਲਾਸਾ ਦਿੱਤਾ ਇਸੇ ਪ੍ਰਕਾਰ ਹੀ ਮਹਾਤਮਾ ਬੁੱਧ ਜੀ ਜਦੋਂ ਸਰੀਰ ਛੱਡਣ ਲੱਗੇ ਤਾਂ ਉਨ੍ਹਾਂ ਦੇ ਸੇਵਕ ਸ਼ਰਧਾਲੂ ਬਹੁਤ ਹੀ ਵਿਆਕੁਲ ਹੋ ਰਹੇ ਸਨ। ਉਨ੍ਹਾਂ ਦਾ ਪਰਮ ਸ਼ਿਸ਼ ਅਨੰਦ ਤਾਂ ਧਾਹੀਂ ਮਾਰ ਕੇ ਰੋਣ ਲੱਗ ਪਿਆ। ਉਸ ਵੇਲੇ ਮਹਾਤਮਾ ਬੁੱਧ ਜੀ ਨੇ ਪੁੱਛਿਆ ਅਨੰਦ! ਤੂੰ ਰੁਦਨ ਕਿਉਂ ਕਰਦਾ ਹੈਂ। ਅਨੰਦ ਨੇ ਡੁਸਕਦੇ ਹੋਏ ਜਲ ਭਰੇ ਨੇਤ੍ਰਾਂ ਨਾਲ ਉੱਤਰ ਦਿੱਤਾ ਸੀ ਕਿ ਮੈਂ ਆਪ ਜੀ ਦਾ ਸਦੀਵੀ ਵਿਛੋੜਾ ਬਰਦਾਸ਼ਤ ਨਹੀਂ ਕਰ ਸਕਾਂਗਾ। ਮਹਾਤਮਾ ਬੁੱਧ ਜੀ ਨੇ ਧੀਰਜ ਦਿੰਦੇ ਹੋਏ ਉਪਦੇਸ਼ ਦਿੱਤਾ ਸੀ ਕਿ ਅਨੰਦ! ਰੋ ਨਹੀਂ ਤੂੰ ਮੇਰੇ ਸਰੀਰ ਦਾ ਮੋਹ ਨਾ ਕਰ, ਇਕ ਬਚਨ ਧਿਆਨ ਨਾਲ ਪੱਲੇ ਬੰਨ ਲੈ ਕਿ ਮੇਰੇ ਬਚਨ ਤੇ ਮੇਰੇ ਵਿਚਾਰ ਹੀ ਮੇਰਾ ਅਸਲੀ ਰੂਪ ਹਨ। ਇਨ੍ਹਾਂ ਰਾਹੀਂ ਮੇਰੇ ਦਰਸ਼ਨ ਹੁੰਦੇ ਰਹਿਣਗੇ।

ਜਿਸ ਵੇਲੇ ਸੰਗਤਾਂ ਨੇ ਇਸ ਪ੍ਰਕਾਰ ਬਚਨ ਸੁਣੇ ਤਾਂ ਸੰਗਤਾਂ ਬਹੁਤ ਬੈਰਾਗ ਕਰਨ ਲੱਗ ਗਈਆਂ ਕਿ ਗੁਰੂ ਜੀ ਸਾਨੂੰ ਛੱਡ ਕੇ ਜਾ ਰਹੇ ਹਨ। ਉਸ ਵੇਲੇ ਸੰਗਤਾਂ ਬੜੇ ਹੀ ਬੈਰਾਗ ਸਹਿਤ ਬਚਨ ਕੀਤੇ ਕਿ ਸਤਿਗੁਰੂ ਕੀ ਤੁਸੀਂ ਸਾਡੇ ਤੋਂ ਦੂਰ ਜਾ

ਰਹੇ ਹੋ। ਤੁਸੀਂ ਸਭ ਸੰਗਤ ਨੂੰ ਛੱਡ ਕੇ ਜਾ ਰਹੇ ਹੋ। ਅੱਗੋਂ ਗੁਰੂ ਜੀ ਨੇ ਬਚਨ ਕੀਤਾ ਕਿ ਹੇ ਭਾਈ ਪਿਆਰੀ ਸਾਧ ਸੰਗਤ ਗੁਰੂ ਰੂਪ ਖਾਲਸਾ ਜੀ ਜਿਸ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਤੁਹਾਨੂੰ ਲਗਾਇਆ ਹੈ ਅਤੇ ਜਿਸ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਸੀਂ ਖੁਦ ਸਿਰ ਝੁਕਾਇਆ ਹੈ ਨਮਸਕਾਰਾਂ ਕੀਤੀਆਂ ਹਨ। ਆਪਾਂ ਅਰਦਾਸ ਕਰਕੇ ਹੁਕਮਨਾਮਾ ਲੈ ਲੈਂਦੇ ਹਾਂ ਤੇ ਫਿਰ ਜੋ ਵੀ ਹੁਕਮ ਆਇਆ ਉਸਨੂੰ ਸੱਭ ਨੇ ਸੱਤ ਕਰਕੇ ਮੰਨ ਲੈਣਾ। ਕੜਾਹ ਪ੍ਰਸਾਦਿ ਦੀ ਦੇਗ ਤਿਆਰ ਕਰਵਾਈ ਗੁਰੂ ਜੀ ਸਭ ਗੁਰਸਿੱਖ ਸੰਗਤਾਂ ਸਮੇਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰਨ ਲੱਗੇ। ਗੁਰ ਸਿੱਖਾਂ ਨੇ ਗਲ ਵਿੱਚ ਪੱਲਾ ਪਾਇਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਹੇ ਗੁਰੂ ਗ੍ਰੰਥ ਸਾਹਿਬ ਜੀ, ਸ਼ਬਦ ਸਰੂਪ, ਹੋ ਗੁਰਾਂ ਦੀ ਸੱਚੀ ਦੇਹ ਗੁਰੂ ਕਲਗੀਆਂ ਵਾਲਾ ਸੰਗਤਾਂ ਨੂੰ ਤੁਹਾਡੇ ਲੜ ਲਾ ਕੇ ਸੱਚ ਖੰਡ ਜਾ ਰਹੇ ਹਨ। ਹੇ ਗੁਰੂ ਗ੍ਰੰਥ ਸਾਹਿਬ ਜੀ ਕ੍ਰਿਪਾ ਕਰੋ, ਬਚਨ ਦਿਓ ਸਾਡੇ ਮਨਾਂ ਨੂੰ ਧਰਵਾਸ ਦਿਉ ਕਿ ਕੀ ਗਲਗੀਆਂ ਵਾਲਾ ਸਾਡੇ ਅੰਗ ਸੰਗ ਰਹੇਗਾ। ਤੁਹਾਡੇ ਬਚਨਾਂ ਨੂੰ ਗੁਰਬਾਣੀ ਨੂੰ ਪੜ ਕੇ, ਤੁਹਾਨੂੰ ਨਮਸਕਾਰ ਕਰਕੇ ਸਾਡੇ ਮਨ ਨੂੰ ਭਰੋਸਾ ਬੱਝੇਗਾ ਕਿ ਕਲਗੀਆਂ ਵਾਲਾ ਸਾਡੇ ਅੰਗ ਸੰਗ ਹੈ। ਕਦੇ ਵੀ ਦੂਰ ਨਹੀਂ ਲੱਗੇਗਾ।

ਆਪ ਕ੍ਰਿਪਾ ਕਰਕੇ ਹੁਕਮਨਾਮਾ ਬਖਸ਼ਸ਼ ਕਰੋ। ਜਿਸਨੂੰ ਸ੍ਵਣ ਕਰਕੇ ਸੰਗਤਾਂ ਨੂੰ ਧਰਵਾਸ ਭਰੋਸਾ ਬੱਝ ਜਾਵੇ। ਜਦੋਂ ਅਰਦਾਸ ਉਪਰੰਤ ਹੁਕਮਨਾਮਾ ਲਿਆ ਗਿਆ। ਉਸ ਵੇਲੇ ਦਾ ਹੁਕਮ ਨਾਮਾ ਆਇਆ ਸੀ।

ਮਾਰੂ ਮਹਲਾ ੧

ਖੁਲਿਆ ਕਰਮ ਕ੍ਰਿਪਾ ਭਈ ਠਾਕਰ ਕੀਰਤਨ ਹਰਿ ਹਰਿ ਗਾਈ॥

ਹੁਕਮਨਾਮਾ ਆਇਆ ਕਿ ਹੇ ਗੁਰੂ ਕੇ ਸਿੱਖੋ ਤੁਸੀਂ ਕਦੇ ਵੀ ਨਾਂ ਸਮਝਣਾ ਕਿ ਗੁਰੂ ਤੁਹਾਡੇ ਤੋਂ ਦੂਰ ਹੈ। ਗੁਰੂ ਤਾਂ ਹਮੇਸ਼ਾਂ ਹੀ ਤੁਹਾਡੇ ਅੰਗ ਸੰਗ ਹੈ ਕਦੇ ਵੀ ਦੂਰ ਨਹੀਂ ਜਾਵੇਗਾ। ਤੁਸੀਂ ਡੋਲਨਾ ਨਹੀਂ ਗੁਰਬਾਣੀ ਨੂੰ ਗੁਰੂ ਮੰਨ ਕੇ ਸ਼ਰਧਾ ਤੇ ਭਰੋਸਾ ਰੱਖਣਾ। ਤੁਹਾਨੂੰ ਕਦੇ ਵੀ ਕਿਸੇ ਪ੍ਰਕਾਰ ਦਾ ਕੋਈ ਦੁੱਖ, ਔਕੜ ਮੁਸ਼ਕਲ ਨਹੀਂ ਆਵੇਗੀ। ਗੁਰੂ ਗ੍ਰੰਥ ਸਾਹਿਬ ਸਦਾ ਹੀ ਤੂਹਾਡੇ ਅੰਗ ਸੰਗ ਰੱਖਿਆ ਕਰਨਗੇ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਤੋਂ ਬਾਹਰ ਨਹੀਂ ਜਾਣਾ ਜੋ ਬਾਣੀ ਕਹਿੰਦੀ ਉਹ ਕਰਨਾ ਹੈ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ ਹੈ ਇਸ ਤਰ੍ਹਾਂ ਕਰਨ ਨਾਲ ਕਲਗੀਵਾਲਾ ਹਮੇਸ਼ਾ ਹੀ ਤੁਹਾਡੇ ਅੰਗ ਸੰਗ ਰਹੇਗਾ।

# ਸੰਸਾਰ ਭਰ ਦੇ ਫਿਲਾਸਫਰ ਅਤੇ ਵਿਦਵਾਨਾਂ ਦੇ ਵਿਚਾਰ

ਦਸਾਂ ਹੀ ਪਾਤਸ਼ਾਹੀਆਂ ਦੀ ਜੋਤ ਜੁਗੋ ਜੁੱਗ ਅੱਟਲ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਸ਼ੀ ਸਿਧਾਂਤ ਅਤੇ ਮਹਾਨ ਕਲਿਆਣਕਾਰੀ ਪ੍ਰਵਚਨ, ਅੰਮ੍ਰਿਤਬਾਣੀ ਦੇ ਸ਼ੁਭ, ਸਿਧਾਂਤ ਅਤੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਸੰਸਾਰ ਭਰ ਦੇ ਵੱਡੇ-ਵੱਡੇ ਵਿਦਵਾਨਾਂ ਅਤੇ ਫਿਲਾਸਫਰਾਂ ਨੇ ਗੁਰ ਗ੍ਰੰਥ ਸਾਹਿਬ ਜੀ ਦੀ ਮਹਿਮਾਂ ਵਰਣਨ ਕਰਦੇ ਹੋਏ ਆਪੋ ਆਪਣੇ ਵਿਚਾਰ ਲਿਖੇ ਹਨ :—

1. ਅਕਬਰ ਬਾਦਸ਼ਾਹ : ਇੱਕ ਦਫਾ ਵਿਰੋਧੀਆਂ ਦੀਆਂ ਸ਼ਿਕਾਇਤਾਂ ਸੁਣਨ ਉਪਰੰਤ ਅਕਬਰ ਬਾਦਸ਼ਾਹ ਨੇ ਗੁਰਬਾਣੀ ਦੀਆਂ ਪੋਥੀਆਂ ਸਮੇਤ ਦਰਬਾਰ ਵਿੱਚ ਹਾਜ਼ਰ ਹੋਣ ਲਈ ਹੁਕਮ ਜਾਰੀ ਕੀਤਾ। ਉਸ ਸਮੇਂ ਗੁਰਬਾਣੀ ਸਿਰਫ਼ ਪੋਥੀਆਂ ਵਿੱਚ ਦਰਜ਼ ਸੀ। ਤੀਸਰੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ ਨੂੰ) ਅਕਬਰ ਬਾਦਸ਼ਾਹ ਪਾਸ ਪੋਥੀ ਦੇ ਕੇ ਭੇਜਿਆ। ਜਦੋਂ ਅਕਬਰ ਬਾਦਸ਼ਾਹ ਨੇ ਗੁਰਬਾਣੀ ਸੁਣੀ ਅਤੇ ਗੁਰਬਾਣੀ ਦੇ ਸਤਿਕਾਰ ਵਿੱਚ ਆਖਦਾ ਹੈ ਕਿ :—

'ਇਹ ਗ੍ਰੰਥ ਮਹਾਨ, ਪਾਵਨ ਤੇ ਵੱਖ-ਵੱਖ ਖਿਆਲਾਂ ਦੇ ਮੇਲ ਵਾਲਾ ਗ੍ਰੰਥ ਹੈ। ਬਾਦਸ਼ਾਹ ਨੇ ਗੁਰਬਾਣੀ ਸੁਣਦੇ ਸਾਰ ਹੀ ਕਿਹਾ ਕਿ ਇਹ ਤਾਂ ਰੂਹ ਨੂੰ ਠੰਢ ਪਹੁੰਚਾਉਣ ਵਾਲਾ ਗ੍ਰੰਥ ਹੈ। ਆਪਣੇ ਸਿੰਘਾਸਣ ਤੋਂ ਹੇਠਾਂ ਉੱਤਰ ਕੇ ਕਿਹਾ ਕਿ ਯਹ

ਕਿਤਾਬ ਤੋਂ ਤਾਜ਼ੀਮ ਲਾਇਕ ਹੈ ਭਾਵ ਸਤਕਾਰ ਤੇ ਸ਼ਰਧਾ ਨਾਲ ਪੂਜਣ ਵਾਲਾ ਗ੍ਰੰਥ ਹੈ। ਮੈਨੂੰ ਤਾਂ ਖੁਦਾ ਦੀ ਪ੍ਰੀਤੀ, ਬੰਦਗੀ ਤੋਂ ਇਲਾਵਾ ਹੋਰ ਕੁੱਝ ਨਜ਼ਰ ਹੀ ਨਹੀਂ ਆਉਂਦਾ ਅਤੇ ਗੁਰਬਾਣੀ ਦੀ ਪੋਥੀ ਅੱਗੇ ਪੰਜ ਅਸ਼ਰਫੀਆਂ (ਮੋਹਰਾਂ) ਰੱਖ ਕੇ ਸਿਰ ਝੁਕਾਇਆ।

2. ਸਾਬਕਾ ਰਾਸ਼ਟਰਪਤੀ ਸਵਰਗੀ ਡਾ. ਰਾਧਾ ਕ੍ਰਿਸ਼ਨ ਜੀ : ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਤਿਕਾਰ ਲਈ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਅੱਜ ਤੱਕ ਸਾਰੇ ਅਵਤਾਰਾਂ, ਪੈਗੰਬਰਾਂ ਅਤੇ ਮਹਾਨ ਆਤਮਾਵਾਂ ਦੀ ਜਿਉਂਦੀ ਜਾਗਦੀ ਆਵਾਜ਼ ਹੈ। ਭਾਵੇਂ ਕੋਈ ਕਿਸੇ ਵੀ ਧਰਮ ਨਾਲ ਸੰਬੰਧ ਰੱਖਦਾ ਹੋਵੇ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਸਰਬ ਸਾਂਝੀ ਗੁਰਬਾਣੀ ਤੋਂ ਲਾਭ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਹਰ ਪਹਿਲੂ ਤੋਂ ਸੁੱਖੀ ਅਤੇ ਅਨੰਦਤ ਕਰ ਸਕਦਾ ਹੈ। ਉਨ੍ਹਾਂ ਕਿਹਾ ਸੀ ਕਿ ਜਦੋਂ ਵੀ ਇਹ ਬਾਣੀ ਗੂੰਜੀ ਤਾਂ ਸਮੁੰਦਰਾਂ ਦੀਆਂ ਵਿੱਥਾਂ ਅਤੇ ਪਹਾੜਾਂ ਦੀਆਂ ਰੋਕਾਂ ਇਸ ਦਾ ਸਾਹਮਣਾ ਨਹੀਂ ਕਰ ਸਕਣਗੀਆਂ।

3. ਡਾ. ਰੋਸ਼ਨ ਲਾਲ ਅਹੂਜਾ : ਡਾ. ਅਹੂਜਾ ਦਾ ਕਹਿਣਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਤਨਾ ਵੀ ਸਤਿਕਾਰ ਕੀਤਾ ਜਾਵੇ ਥੋੜ੍ਹਾ ਹੈ। ਇਹ ਇੱਕ ਸਰਬ ਸਾਂਝੀ ਧਾਰਮਿਕ ਰਚਨਾ ਹੈ। ਇਹ ਬਾਣੀ ਅਜਿਹਾ ਸੀਤਲ ਅਤੇ ਮਿੱਠੇ ਪਾਣੀ ਦਾ ਚਸ਼ਮਾ ਹੈ ਜਿਸ ਦੇ ਗ੍ਰਹਿਣ ਕਰਨ ਨਾਲ ਹਜ਼ਾਰਾਂ ਹੀ ਦੁੱਖੀ ਰੂਹਾਂ ਨੂੰ ਸ਼ਾਂਤੀ ਮਿਲਦੀ ਹੈ। ਸਵੇਰ ਵੇਲੇ ਮਸਤਕ ਟੇਕਣ ਨਾਲ ਆਤਮਕ ਪ੍ਰਸੰਨਤਾ ਮਿਲਦੀ ਹੈ, ਸੁਣਨ ਨਾਲ ਆਤਮਕ ਸ਼ਕਤੀ ਮਿਲਦੀ ਹੈ ਅਤੇ ਰਾਤ ਨੂੰ ਸੰਤੋਖਣ ਨਾਲ ਆਤਮਕ ਸ਼ਾਂਤੀ ਮਿਲਦੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਣਗਿਣਤ ਹੀ ਦਿਲਾਂ ਦੀ ਸ਼ਰਧਾ ਦਾ ਸੰਚਾਰ ਭਾਵ ਢੇਰ ਹੈ। ਇਸ ਪ੍ਰਤੀ ਬੇਮੁੱਖ ਹੋਣਾ ਕੁੱਲ ਮਾਨਵਤਾ ਅਤੇ ਭਾਰਤੀ ਸੰਸਕ੍ਰਿਤੀ ਨਾਲ ਧ੍ਰੋਹ ਕਰਨਾ ਅਤੇ ਮੂਰਖਤਾ ਹੋਵੇਗਾ।

4. **Miss Peral S Buck :** ਇੰਗਲੈਂਡ ਦੀ ਨੋਬਲ ਪ੍ਰਾਈਜ਼ ਵਿਨਰ ਮਿਸ ਪਰਲ ਐਸ ਬਕ ਜਦੋਂ 1962 ਵਿੱਚ ਭਾਰਤ ਦੇ ਦੌਰੇ ਤੇ ਆਈ ਤਾਂ ਉਸ ਵੇਲੇ ਉਨ੍ਹਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ ਟੀਕਾ ਭੇਟਾ ਕੀਤਾ ਗਿਆ। ਆਪਣੇ ਦੇਸ਼ ਵਾਪਸੀ ਉਪਰੰਤ ਜਦੋਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਿਆਨ ਨਾਲ ਪੜ੍ਹਿਆ ਅਤੇ ਵਿਚਾਰਿਆ ਉਸ ਵੇਲੇ ਉਨ੍ਹਾਂ ਦਾ ਕਹਿਣਾ ਹੈ ਕਿ ਮੈਂ ਦੁਨੀਆਂ ਦੇ ਅਨੇਕਾਂ ਹੀ ਧਾਰਮਿਕ ਗ੍ਰੰਥ, ਧਾਰਮਿਕ ਪੁਸਤਕਾਂ ਪੜੀਆਂ ਹਨ। ਪ੍ਰੰਤੂ ਦਿਲ ਅਤੇ ਦਿਮਾਗ ਨੂੰ ਟੁੰਬਣ ਵਾਲੀ ਅਤੇ ਦਿਲ ਨੂੰ ਧੂਹ ਪਾਉਣ ਵਾਲੀ ਸ਼ਕਤੀ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਮਿਲੀ ਹੈ ਉਹ ਹੋਰ ਕਿੱਤੋਂ ਵੀ ਪ੍ਰਾਪਤ ਨਹੀਂ ਹੋਈ। ਇਹ ਪਾਵਨ ਪਵਿੱਤਰ ਬਾਣੀ ਹੈ। ਇਸ ਬਾਣੀ ਦੁਆਰਾ ਅਨੰਤ ਪ੍ਰਮੇਸ਼ਵਰ ਦਾ ਗਿਆਨ ਮਿਲਦਾ ਹੈ। ਇਸ ਵਿੱਚੋਂ ਮੈਨੂੰ ਅਸਲੀ ਜ਼ਿੰਦਗੀ ਅਤੇ ਮੌਤ ਬਾਰੇ ਗਿਆਨ ਪ੍ਰਾਪਤ ਹੋਇਆ ਹੈ। ਈਸ਼ਵਰ ਅਤੇ ਆਤਮਾ ਦੇ ਅਟੁੱਟ ਰਿਸ਼ਤੇ ਬਾਰੇ ਪਤਾ ਚੱਲਦਾ ਹੈ। ਇਸ ਬਾਣੀ ਵਿੱਚੋਂ ਹੀ ਗਿਆਨ ਪ੍ਰਾਪਤ ਹੁੰਦਾ ਹੈ ਕਿ ਆਤਮਾ ਪਰਮਾਤਮਾ ਦੀ ਅੰਸ਼ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਹਰ ਮਜ਼੍ਹਬ ਦੇ ਪੈਰੋਕਾਰਾਂ ਲਈ ਹੈ। ਇੱਥੋਂ ਤੱਕ ਕਿ ਮਨਮੱਤੀਆਂ ਲਈ ਵੀ ਇਕ ਪਾਵਨ ਪਵਿੱਤਰ ਗ੍ਰੰਥ ਹੈ।

5. **MADAM W.D. VAN BELL :** ਜੋ ਕਿ ਹਾਲੈਂਡ ਨਿਵਾਸੀ ਸੀ। ਉਸ ਡੱਚ ਦੇਵੀ ਨੇ ਜਦੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਤਾਂ ਉਹ ਆਪਣਾ ਧਰਮ ਪਰਿਵਰਤਨ ਕਰਨ ਤੋਂ ਬਿਨਾਂ ਨਾ ਰਹਿ ਸਕੀ। ਉਸ ਨੇ 20 ਨਵੰਬਰ 1925 ਗੁਰੂਦੁਆਰਾ ਸਾਹਿਬ ਲਾਹੌਰ ਵਿਖੇ ਸੰਤ ਤੇਜਾ ਸਿੰਘ MA ਦੇ ਰਾਹੀਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤਪਾਨ ਕੀਤਾ ਅਤੇ ਉਸਦਾ ਨਾਮ ਬਦਲ ਕੇ ਭਗਵਾਨ ਕੌਰ ਰੱਖਿਆ ਗਿਆ। ਉਸ ਮਹਾਨ ਦੇਵੀ ਉਸ ਮਾਤਾ ਨੇ ਕਿਹਾ ਕਿ ਮੇਰਾ ਜਨਮ ਹਾਲੈਂਡ ਵਿੱਚ ਹੋਇਆ। ਮੇਰੀ ਉਮਰ 50 ਸਾਲ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਦੇ ਨਤੀਜੇ ਕਾਰਨ ਮੈਂ ਸਿੱਖੀ ਧਾਰਨ ਕੀਤੀ ਹੈ। ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਆਪਣੀ ਆਤਮਿਕ ਸ਼ਾਂਤੀ ਲਈ ਅੰਮ੍ਰਿਤਪਾਨ ਕੀਤਾ ਹੈ ਅਤੇ ਮੈਂ ਸੱਭ ਤੋਂ ਸ਼੍ਰੇਸ਼ਟ ਸਿੱਖ ਧਰਮ ਦਾ ਪ੍ਰਚਾਰ ਪੂਰੇ ਯੂਰੋਪੀਨ ਦੇਸ਼ਾਂ ਵਿੱਚ ਘੁੰਮ ਕੇ ਕਰਾਂਗੀ ਅਤੇ ਆਪਣਾ ਪੂਰਾ ਜੀਵਨ ਹੀ ਸਿੱਖੀ ਦੇ ਪ੍ਰਚਾਰ ਵਾਸਤੇ ਅਰਪਨ ਕਰਾਂਗੀ।

ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ। ਧੰਨ ਸ਼੍ਰੀ ਗੁਰੂ ਨਾਨਕ ਸਾਹਿਬ ਜੀ।

6. ਮਿਸਟਰ ਕਨਿੰਘਮ : ਜੋ ਕਿ ਇੰਗਲੈਂਡ ਦੇ ਪ੍ਰਸਿੱਧ ਹਿਸਟੇਰੀਅਨ ਹਨ ਉਨ੍ਹਾਂ ਨੇ ਤਾਂ ਬੜਾ ਹੀ ਭਾਰੀ ਹਉਕਾ ਭਰਦੇ ਹੋਏ ਲਿਖਿਆ ਹੈ ਕਿ ਕਾਸ਼! ਜੇ ਕਿੱਤੇ ਗੁਰੂ ਗ੍ਰੰਥ ਸਾਹਿਬ ਜੇਹੀ ਅਦੁੱਤੀ ਰਚਨਾ ਸਾਡੇ ਯੂਰਪੀਨ ਦੇਸ਼ਾਂ ਦਾ ਧਾਰਮਿਕ ਗ੍ਰੰਥ ਹੁੰਦੀ ਤਾਂ ਅਸੀਂ ਇਸਨੂੰ ਸਾਰੇ ਸੰਸਾਰ ਦਾ ਪੂਜਯ ਗ੍ਰੰਥ ਬਣਾ ਦੇਣਾ ਸੀ ਅਤੇ ਪੂਰੇ ਸੰਸਾਰ ਦੀਆਂ ਭਾਸ਼ਾਵਾਂ ਵਿੱਚ ਛਪਵਾ ਕੇ ਪੂਰੇ ਸੰਸਾਰ ਤੇ ਗੁਰਬਾਣੀ ਦਾ ਸੁਨੇਹਾ ਦੇਣਾ ਸੀ। ਜੇ ਕਿੱਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਯੂਰਪ ਵਿੱਚ ਆਏ ਹੁੰਦੇ ਤਾਂ ਅਸੀਂ ਪੂਰੀ ਦੁਨੀਆਂ ਨੂੰ ਹੀ ਸਿੱਖ ਬਣਾ ਦੇਣਾ ਸੀ।

ਧਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ।

7. **Dr. H.L. Barnadshaw** ਨੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕੀਤਾ ਤਾਂ ਉਸ ਵੇਲੇ ਉਨ੍ਹਾਂ ਨੇ ਉਚਾਰਨ ਕੀਤਾ ਕਿ ਸਿੱਖ ਇੱਕ ਸਰਬ ਵਿਆਪਕ ਅਤੇ ਸੰਪੂਰਨ ਜਗਤ ਧਰਮ ਹੈ। ਮਨੁੱਖ ਮਾਤਰ ਨੂੰ ਇੱਕ ਸਾਮਾਨ ਸੰਦੇਸ਼ ਦਿੰਦਾ ਹੈ। ਡਾਕਟਰ ਸਾਹਿਬ ਫਰਮਾਉਂਦੇ ਹਨ ਕਿ ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇੱਕ ਹੋਰ ਚੰਗਾ ਧਰਮ ਹੈ ਬਲਕਿ ਇਸਦੇ ਉਲਟ ਕਿ ਕੇਵਲ ਸਿੱਖੀ ਹੀ ਨਹੀਂ ਨਵੇਂ ਯੁੱਗ ਦਾ ਵੀ ਧਰਮ ਹੈ। ਇਹ ਗੱਲ ਸਿੱਧ ਕਰਨ ਦੀ ਸਖ਼ਤ ਲੋੜ ਹੈ ਕਿ ਦੂਜੇ ਸਾਰੇ ਮੱਤ ਸੱਚਾਈ ਰੱਖਦੇ ਹਨ ਪ੍ਰੰਤੂ ਸਿੱਖ ਧਰਮ ਭਰਪੂਰ ਸੱਚਾਈ ਰੱਖਦਾ ਹੈ। ਇਸ ਦੀ ਨੀਂਹ ਸੱਚ ਤੇ ਹੀ ਰੱਖੀ ਗਈ ਹੈ।

ਸੰਸਾਰ ਭਰ ਦੇ ਸਮੂਹ ਧਾਰਮਿਕ ਗ੍ਰੰਥਾਂ ਵਿੱਚੋਂ ਕੇਵਲ ਇੱਕੋਂ ਇੱਕ ਹੀ ਗੁਰੂ ਗ੍ਰੰਥ ਸਾਹਿਬ ਹਨ ਜੋ ਇਹ ਦੱਸਦੇ ਹਨ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਅਤੇ ਮੰਡਲ ਆਦਿ ਹਨ। ਪਹਿਲੇ ਗ੍ਰੰਥ ਸਿਰਫ ਲੋਕ ਪ੍ਰਲੋਕ ਬਾਰੇ ਹੀ ਵਾਸਤਾ ਰੱਖਦੇ ਹਨ। ਸੱਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਹਰ ਪ੍ਰਕਾਰ ਦੀਆਂ ਉਲਝਨਾਂ ਦਾ ਹੱਲ ਅਤੇ ਪ੍ਰਸ਼ਨਾਂ ਦਾ ਉੱਤਰ ਹੈ ।

8. ਵੀਹਵੀਂ ਸਦੀ ਦੇ ਪ੍ਰਸਿੱਧ ਲੇਖਕ ਮਿਸਟਰ ਤਿਆਨ ਬੀ ਨੇ ਸੰਸਾਰ ਭਰ ਦੀ ਮਨੁੱਖਤਾ ਦਾ ਇਤਿਹਾਸ 20 ਜਿਲਦਾਂ ਵਿੱਚ ਲਿਖਿਆ ਹੈ। ਮਿਸਟਰ ਤਿਆਨਬੀ ਅਨੁਸਾਰ ਜਿਸ ਖਾਲਸੇ ਦੀ ਸਿਰਜਣਾ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤੀ ਉਸ ਤੋਂ ਵੱਧ ਚੰਗਾ ਇਨਸਾਨ ਬਣਨਾ ਹੀ ਅਤਿ ਕਥਨੀ ਹੋਵੇਗਾ। ਉਨ੍ਹਾਂ ਦਾ ਇਤਿਹਾਸ ਪੜ੍ਹਨ ਉਪਰੰਤ ਉਨ੍ਹਾਂ ਪਾਸੋਂ ਇੱਕ ਅਮਰੀਕਨ ਔਰਤ ਨੇ ਪੁੱਛਿਆ ਕਿ ਤੁਸੀਂ ਹਰ ਇੱਕ ਧਰਮ ਦੇ ਮੈਂਬਰਾਂ ਬਾਰੇ ਜਾਣਦੇ ਹੋ ਕੀ ਤੁਸੀਂ ਦੱਸ ਸਕਦੇ ਹੋ ਕਿ ਦੁਨੀਆਂ ਭਰ ਵਿੱਚ ਸੱਭ ਤੋਂ ਸੋਹਣਾ ਮਨੁੱਖ ਕੌਣ ਹੋ ਸਕਦਾ ਹੈ। ਉਸਦਾ ਉੱਤਰ ਸੀ। ਖੁੱਲੀ ਦਾੜ੍ਹੀ ਵਾਲਾ ਪੂਰਨ ਗੁਰਸਿੱਖ। UNO ਵੱਲੋਂ ਮਿਸਟਰ ਤਿਆਨਬੀ ਨੂੰ ਹੀ ਚੁਣਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਚੋਣਵੀਆਂ ਬਾਣੀਆਂ ਦਾ ਕਈ ਭਾਸ਼ਾਵਾਂ ਵਿੱਚ ਤਰਜਮਾ ਕਰਕੇ ਛਪਵਾਇਆ ਗਿਆ ਸੀ ਤਾਂ ਕਿ ਇਹ ਮਾਨਵ ਕਲਿਆਣਕਾਰੀ ਬਾਣੀ ਤੋਂ ਪੂਰਾ ਸੰਸਾਰ ਹੀ ਲਾਹਾ ਪ੍ਰਾਪਤ ਕਰ ਸਕੇ। ਮਿਸਟਰ ਤਿਆਨਬੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਲਿਖਿਆ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਸਮੂਹ ਮਾਨਵ ਜਾਤੀ ਦੇ ਭਲੇ ਹਿਤ ਨਾਮ ਮਾਰਗ ਵਾਲਾ ਇੱਕ ਅਜਿਹਾ ਸੁਖੈਨ ਤੇ ਸਰਬ ਸੁਖਦਾਇਕ ਮਾਰਗ ਦ੍ਰਿੜ ਕਰਾਉਂਦੇ ਹਨ। ਜਿਸ ਵਿੱਚ ਕਰਮ ਮਾਰਗ ਭਗਤੀ ਮਾਰਗ, ਗਿਆਨ ਮਾਰਗ ਆਦਿ ਵਾਲੇ ਸਾਰੇ ਹੀ ਦੈਵੀ ਗੁਣ ਭਰਪੂਰ ਹਨ ਅਤੇ ਉਨ੍ਹਾਂ ਇਹ ਵੀ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਅਧਿਆਤਮਕ ਫਿਲਾਸਫੀ ਮਹਾਨ ਸਰੇਸ਼ਟ ਹੈ ਕਿਉਂਕਿ ਮਾਨਵਤਾ ਨੂੰ ਜਿੱਥੇ ਉੱਚਾ ਸੁੱਚਾ ਅਮਲੀ ਜੀਵਨ ਦੀ ਜੁਗਤੀ ਸਿਖਾਉਂਦੀ ਹੈ ਉੱਥੇ ਹਰ ਵੇਲੇ ਸਿਰਜਣਵਾਰ ਅਕਾਲ ਪੁਰਖ ਵਿੱਚ ਲਿਵ ਲੀਨ ਰਹਿਣ ਲਈ ਭਰਪੂਰ ਉਤਸ਼ਾਹ ਬਖ਼ਸ਼ਦੀ ਹੈ। ਇਹੋ ਕਾਰਨ ਹੈ ਕਿ ਗੁਰਸਿੱਖ ਸੰਸਾਰੀ ਵੀ ਹੈ ਅਤੇ ਸੰਨਿਆਸੀ ਵੀ।

9. ਇੰਗਲੈਂਡ ਦੇ ਫਿਲਾਸਫਰ **Mr. Rasal** : ਜੇਕਰ ਐਟਮ ਤੇ ਹਾਈਡ੍ਰੋਜਨ ਬੰਬਾਂ ਦੀ ਮਾਰ ਤੋਂ ਕੁੱਝ ਖੁਸ਼ਕਿਸਮਤ ਇਨਸਾਨ ਬਚ ਨਿਕਲੇ ਤਾਂ ਉਨ੍ਹਾਂ ਨੂੰ ਸੋਧ ਦੇਣ ਲਈ ਇਕੋ ਇੱਕ ਵਸੀਲਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਹੋਵੇਗਾ।

10. ਸ਼੍ਰੀ ਮਤੀ ਡਰੋਪਟੀ ਫੀਲੜ : ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਹੋਈ ਬਾਣੀ ਅਤੇ ਸਿੱਖ ਧਰਮ ਦੀ ਭਰਪੂਰ ਸ਼ਲਾਘਾ ਕਰਨੀ ਚਾਹੀਦੀ ਹੈ ਕਿਉਂਕਿ ਹੋਰ ਗੱਲਾਂ ਦੇ ਨਾਲ-ਨਾਲ ਅਮਲੀ ਜੀਵਨ ਉੱਤੇ ਬਹੁਤ ਜੋਰ ਦਿੱਤਾ ਹੋਇਆ ਹੈ।

11. ਮਿਸ ਮੇਰੀ **(England)** : ਮਾਨਵ ਜਾਤੀ ਨੂੰ ਆਤਮਕ ਸਮਾਜਿਕ ਤੇ ਭਾਈ ਵਾਲਕ ਸਾਂਝੀਵਾਲਤਾ ਦਾ ਉੱਚਾ ਸੁੱਚਾ ਮੁਗਤਬਾ ਕੇਵਲ ਤੇ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਪ੍ਰਕਾਸ਼ ਕਰਦੇ ਹਨ। ਇਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਸਿੱਖ ਧਰਮ ਨੂੰ ਗ੍ਰਹਿਣ ਕਰ ਲਿਆ ਹੈ। ਮਿਸ ਮੈਰੀ ਮੁਤਾਬਕ ਸਿੱਖ ਧਰਮ ਇਕ ਅਜਿਹਾ ਸਰਬ ਸਾਂਝਾ ਸਰੇਸ਼ਟ ਧਰਮ ਹੈ ਜੋ ਕੇਵਲ ਸਿੱਖਾਂ ਲਈ ਹੀ ਰਾਖਵਾਂ ਨਹੀਂ ਬਲਕਿ ਸੰਸਾਰ ਭਰ ਦੀ ਸਮੂਹ ਮਾਨਵ ਜਾਤੀ ਲਈ ਮਹਾਨ ਕਲਿਆਣਕਾਰੀ ਹੈ। ਇਹੋ ਕਾਰਨ ਹੈ ਕਿ ਸਿੱਖਾਂ ਵਿੱਚ ਗੁਰੂ ਗ੍ਰੰਥ ਸਾਹਿਬ ਪ੍ਰਤੀ ਵਿਸ਼ਵਾਸ ਕਰਕੇ ਫਿਰਕਾਪ੍ਰਸਤੀ ਵਾਲੀ ਭਾਵਨਾ ਦਾ ਅੰਸ਼ ਰਾਈ ਮਾਤਰ ਵੀ ਪੈਦਾ ਨਹੀਂ ਕੀਤਾ ਜਾ ਸਕਦਾ। ਉਹ ਨਿਤ ਪ੍ਰਤੀ ਮਾਨਵਤਾ ਦੀ ਨਿਸ਼ਕਾਮ ਸੇਵਾ ਵਿੱਚ ਜੁੱਟੇ ਰਹਿੰਦੇ ਹਨ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਨਿਵਾਸ ਰੱਖਦੇ ਹੋਣ।

**12. Shr. INDU BHUSHAN BANNERGI :** This is how we love understood the teachings of Guru Nanak. He was out not to kill but to heal not to destroy but to conserve.

ਇੰਦੂ ਭੂਸ਼ਣ ਬੈਨਰਜੀ ਦੇ ਕਥਨ ਅਨੁਸਾਰ ਉਹ ਕਹਿੰਦੇ ਹਨ ਅਸੀਂ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਜੋ ਸ਼ਬਦ ਲਿਆ ਹੈ। ਜੋ ਸਿੱਟਾ ਕੱਢਿਆ ਹੈ ਕਿ ਗੁਰੂ ਨਾਨਕ ਸਾਹਿਬ ਦਾ ਉਦੇਸ਼ ਕਿਸੇ ਨੂੰ ਮਾਰਨ ਜਾਂ ਬਰਬਾਦ ਕਰਨ ਲਈ ਨਹੀਂ ਸਗੋਂ ਬਚਾਉਣ ਲਈ ਰੱਖਿਆ ਕਰਨ ਲਈ ਹੈ ।

**13. DUNCAN GREENLESS :** Guru Nanak showed the humility of all true Saints, but he showed also quielt firmness of Gods elect, unmoved by the world’s criticism. He invessed on to sccure the victory of God’s cause by his own perfect. Perfect faith and his passionate love for God and man.

—ਗੁਰੂ ਨਾਨਕ ਦੇਵ ਜੀ ਨੇ ਹੋਰ ਸਾਰੇ ਸੱਚੇ ਸੰਤਾਂ ਵਰਗੀ ਨਿਮਰਤਾ, ਕੋਮਲਤਾ ਵਿਖਾਈ ਹੈ। ਉਹਨਾਂ ਦਾ ਰੱਬ ਪ੍ਰਤੀ ਵਿਸ਼ਵਾਸ ਵਿੱਚ ਪੂਰਨ ਦਿੜਤਾ ਦਰਸਾਈ ਹੈ। ਸੰਸਾਰ ਦੇ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਵੀ ਉਨ੍ਹਾਂ ਦਾ ਪ੍ਰਮਾਤਮਾ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਦੱਸਿਆ ਹੈ ਉਨ੍ਹਾਂ ਤੇ ਸੰਸਾਰ ਦੀ ਆਲੋਚਨਾ ਦਾ ਕੋਈ ਅਸਰ ਨਹੀਂ ਹੋਇਆ। ਉਹਨਾਂ ਨੇ ਆਪਣੇ ਪ੍ਰਮਾਤਮਾ ਅਤੇ ਮਨੁੱਖ ਦੇ ਪ੍ਰਤੀ ਪੂਰਨ ਵਿਸ਼ਵਾਸ ਪ੍ਰੇਮ ਵੈਰਾਗ ਰਾਹੀਂ ਪ੍ਰਮਾਤਮਾ ਦੀ ਪ੍ਰਾਪਤੀ ਦੇ ਰਸਤੇ ਉੱਤੇ ਜੋਰ ਦਿੱਤਾ।

**14. SIR. C. COUGH :** Guru Granth Sahib Ji advised us to teach the men by the way. Salvation, not as a ruler, but as a servant of the God. To whom the light had been shown, coming to bring to strife among men but peace.

—ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਮਨੁੱਖਾਂ ਨੂੰ ਮੁਕਤੀ ਦਾ ਮਾਰਗ ਦੱਸਣ ਲਈ ਸਮਰਪਿਤ ਕੀਤਾ। ਉਨ੍ਹਾਂ ਆਪਣੇ ਆਪ ਨੂੰ ਸੰਸਾਰ ਵਿੱਚ ਹੁਕਮਰਾਨ (ਸ਼ਾਸਕ) ਦੇ ਰੂਪ ਵਿੱਚ ਨਹੀਂ ਬਲਕਿ ਦਾਸ ਦੇ ਰੂਪ ਵਿੱਚ ਪੇਸ਼ ਕੀਤਾ। ਜਿਸ ਨੂੰ ਪ੍ਰਮਾਤਮਾ ਦੇ ਪ੍ਰਕਾਸ਼ ਦੀ ਪ੍ਰਾਪਤੀ ਵਾਸਤੇ ਦਿਖਾਇਆ ਗਿਆ ਸੀ। ਉਹਨਾਂ ਦੀ ਸਿੱਖਿਆ ਮਾਨਵਤਾ ਦੀ ਭਲਾਈ ਸ਼ਾਂਤੀ ਦਾ ਰਾਹ ਹੈ ਨਾਂ ਕਿ ਲੜਾਈ ਝਗੜੇ ਦਾ।

**15. ARNOLD TOYNBEE :** In the coming religious debate the sikh relgion and its scripture the Shri Guru Granth Sahib Ji will have some value to the rest of the world.

—ਡਾਕਟਰ ਅਰਨੋਲਡ ਤਿਆਨਬੀ ਦੇ ਕਥਨ ਅਨੁਸਾਰ ਭਵਿੱਖ ਵਿੱਚ ਵਾਪਰਨ ਵਾਲੀਆਂ ਧਾਰਮਿਕ ਘਟਨਾਵਾਂ ਦੇ ਲਈ ਇੱਕੋ-ਇੱਕ ਸਿੱਖ ਧਰਮ ਅਤੇ ਉਨ੍ਹਾਂ ਦੇ ਮਹਾਨ ਧਾਰਮਿਕ ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਖਾਸ ਮਹੱਤਤਾ ਰੱਖਣਗੇ ਜੋ ਕਿ ਖਾਸ ਸਥਾਨ ਅਤੇ ਕੀਮਤ ਰੱਖਦੇ ਹਨ ।

**16. MOHD. LATIF :** Guru Nanak’s best endeavours during his long carreer were directed towards the removing or reducing to a minimum. Those religious and social

differences which had spring up between the Hindu's & Mohamadans. To recociling them both and to great extent. He was successful. He viwed with disfavour the intolerance of the Muslims toward the Hindu and precept of this religion in calculated peace to all man kind, brotherly love to each other and loving virtrously and hamoniously.

—ਗੁਰੂ ਨਾਨਕ ਦੇਵ ਜੀ ਆਪਣੇ ਲੰਬੇ ਸਮਾਜਿਕ ਜੀਵਨ ਦੌਰਾਨ ਉਨ੍ਹਾਂ ਦਾ ਸੱਭ ਤੋਂ ਵੱਧ ਜਤਨ ਕੋਸ਼ਿਸ਼ ਸੀ ਕਿ ਕਿਵੇਂ ਧਾਰਮਿਕ ਅਤੇ ਸਮਾਜਿਕ ਭੇਦ ਭਾਵਾਂ ਨੂੰ ਮਿਟਾਉਣਾ ਜਾਂ ਖਤਮ, ਕਰਨਾ ਸੀ। ਉਸ ਸਮੇਂ ਦੇ ਭਾਰਤ ਦੇ ਪ੍ਰਤੱਖ ਵਰਗ ਹਿੰਦੂ ਅਤੇ ਮੁਸਲਮਾਨਾਂ ਦੋਹਾਂ ਵਿਚਕਾਰ ਜੋ ਕਾਫੀ ਮੱਤ ਭੇਦਾਂ ਦੇ ਕਾਰਨ ਇੱਕ ਦੂਸਰੇ ਤੋਂ ਦੂਰ ਅਤੇ ਘ੍ਰਿਣਾ ਕਰਦੇ ਸਨ। ਦੋਹਾਂ ਨੂੰ ਇੱਕ ਦੂਸਰੇ ਦੇ ਨੇੜੇ ਲਿਆਉਣ ਅਤੇ ਆਪਸੀ ਮੇਲ ਮਿਲਾਪ ਵਧਾਉਣ ਅਤੇ ਸਮਝੌਤਾ ਕਰਵਾ ਦੇਣਾ ਸੀ। ਕਿਸੇ ਹੱਦ ਤੱਕ ਗੁਰੂ ਨਾਨਕ ਸਾਹਿਬ ਸਫ਼ਲ ਹੋਏ। ਗੁਰੂ ਨਾਨਕ ਦੇਵ ਜੀ ਨੇ ਆਪਣੇ ਧਾਰਮਕ ਮਾਰਗ ਦਰਸ਼ਨ ਦੇ ਨਾਲ ਸਮੁੱਚੀ ਮਾਨਵਤਾ ਵਿੱਚ ਸ਼ਾਂਤੀ ਇੱਕ ਦੂਸਰੇ ਪ੍ਰਤੀ ਭਾਵੀ, ਪ੍ਰੇਮ, ਨੇਕ, ਕਮਾਈ ਅਤੇ ਸ਼ਰਧਾ ਦੀ ਭਾਵਨਾ ਪੈਦਾ ਕੀਤੀ।

**17. S. SHER SING MSC. :** It is impossible to describe the poetry of Guru Granth Sahib Ji by stating that it is an grand, simple and varied as nature itself in its verse. The sunshine langhs, Birds, sings, The Chatrik thriste, the koel warbies plantive notes, rivers jance snow sparkles ; Basant, the king the season comes into gala dress mountains give forth their sonorous echose the feaeof human heart ebbs and flow ; and man, the estranged bride is once more in the arms of he Beloved : the Supreme Spouse ! All the gold of India day break is there ! All the perfume of sandalwoods is there ! All the pellucid purity of Indian pearls is there ! Such is the Sikh Granth the very quintessence of all essences Devine !!

Every page sparkles with divine refulgence, each line tingles us with rare joy. There is no human chord that is not struck. there is no depth that is not stirred ! Words stutter to give an idea of the labour involved and the value of the Herculean task accoumlished ..........

Above all, Guru Granth Sahib is the only Bible which gives you complete information about that eerie-possession : the Nam, which is the key to the Kingdom of Heaven.

ਸ. ਸ਼ੇਰ ਸਿੰਘ ਐਮ. ਐਸ. ਸੀ. ਦੇ ਕਥਨ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਕਵਿਤਾ ਦੀ ਵਿਆਖਿਆ ਇਹ ਦਰਸਾ ਕੇ ਕਰਨਾ ਅਸੰਭਵ ਹੈ ਇਹ ਇਤਨੀ ਹੀ, ਸ਼ਾਨਦਾਰ, ਸਾਧਾਰਨ ਅਤੇ ਵਿਭਿੰਨ ਹੈ ਜਿਤਨੀ ਕੁਦਰਤ ਆਪਣੀ ਕਵਿਤਾ ਵਿੱਚ ਸੂਰਜ ਦਾ ਪ੍ਰਕਾਸ਼ ਹਾਸਾ ਬਖੇਰਦਾ ਹੈ, ਪੰਛੀ ਉਦਾਸੀ ਦੇ ਗੀਤ ਮਿੱਠੀ ਆਵਾਜ਼ ਵਿੱਚ ਗਾਉਂਦੇ ਹਨ । ਦਰਿਆ ਨੱਚਦੇ ਹਨ ਅਤੇ ਬਰਫ਼ ਚਮਕਦੀ ਹੈ । ਬਸੰਤ, ਰੁੱਤਾਂ ਦਾ ਰਾਜਾ, ਆਪਣੇ ਜਸ਼ਨ ਵਾਲੇ ਪਹਿਰਾਵੇ ਵਿੱਚ ਆਉਂਦਾ ਹੈ । ਪਹਾੜ ਆਪਣੀ ਜੋਸ਼ੀਲੀ ਗੂੰਜ ਉਤਪੰਨ ਕਰਦੇ ਹਨ । ਮਨੁੱਖੀ ਦਿਲ ਦਾ ਜਵਾਰਭਾਟਾ ਉਤਰਦਾ ਹੈ ਅਤੇ ਵੱਗਨ ਲੱਗਦਾ ਹੈ ਭਾਵ ਚਲਾਇਮਾਨ ਹੁੰਦਾ ਹੈ । ਅਜ਼ੀਬ ਦੁਲਹਨ ਇਕ ਵਾਰ ਫਿਰ ਆਪਣੇ ਪ੍ਰੇਮੀ ਦੀਆਂ ਬਾਹਵਾਂ ਵਿੱਚ ਚਲੀ ਜਾਂਦੀ ਹੈ :— ਸਰਵਸ਼ੱਕਤੀਮਾਨ ਪ੍ਰਮਾਤਮਾ। ਭਾਰਤੀ ਦਿਨ ਦੇ ਚੜ੍ਹਨ ਦੀ ਸਾਰੀ ਦੌਲਤ ਉੱਥੇ ਹੈ। ਭਾਰਤੀ ਸੰਦਲ ਦੇ ਦਰੱਖਤਾਂ ਦੀ ਸਾਰੀ ਸੁਗੰਧੀ ਉੱਥੇ ਹੈ। ਭਾਰਤੀ ਮੋਤੀਆਂ ਦੀ ਪਵਿਤਰਤਾ ਦੀ ਸਾਰੀ ਪਾਰਦਰਸ਼ਕਤਾ ਉੱਥੇ ਹੈ । ਅਜੇਹਾ ਗੁਰੂ ਗ੍ਰੰਥ ਸਾਹਿਬ

ਨਿਰਾਲੀ ਸ਼ਾਨ। ਹਰ ਪੰਨਾ ਰੱਬੀ ਸੁਗੰਧੀ ਦੇ ਨਾਲ ਚਮਕਦਾ ਹੈ । ਹਰ ਪੰਕਤੀ ਦੁਰਲੱਭ ਪ੍ਰਸੰਨਤਾ ਦੇ ਨਾਮ ਝੰਜੋੜਦੀ ਹੈ ਕੋਈ ਮਨੁੱਖੀ ਸਰੀਰ ਦੀ ਤੰਦ ਨਹੀਂ ਹੈ ਜੋ ਨਾਂ ਹਿਲਦੀ ਹੋਵੇ, ਬਹੁਤ ਕੀ ਕਠਿਨ ਕਾਰਜ ਦੀ ਪੂਰਤੀ ਦੇ ਮਹੱਤਵ ਅਤੇ ਮਿਹਨਤ ਜੋ ਇਸ ਵਿੱਚ ਲੱਗੀ, ਦਰਸਾਉਣ ਵਾਸਤੇ (ਬਿਆਨ ਕਰਨ ਵਾਸਤੇ) ਸ਼ਬਦ ਨਹੀਂ ਹਨ।

ਸੱਭ ਤੋਂ ਮਹੱਤਵਪੂਰਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਮਾਤਰ ਬਾਈਬਲ ਹੈ ਜੋ ਤੁਹਾਨੂੰ ਅਮੋਲ ਖਜ਼ਾਨਾ ਨਾਮ ਬਾਰੇ (ਗ੍ਰੰਥ) ਸੂਚਨਾ ਪ੍ਰਦਾਨ ਕਰਦਾ ਹੈ। ਜੋ ਸਵਰਗ ਦੇ ਰਾਜ ਦੀ ਚਾਬੀ ਹੈ।

**18. Dr. Barnard Shaw :** The Sikhism is a universal wrote with faith with a message for all men. This is amply illustrated in the writing of Guru. Sikh must cease to think of their faith as. Just another good religion and must begin to in ferm of Sikhism being the religion the religion for the new age. The religion preached by the Guru Nanak is the faith of the new age. It completely supplants and fulfils all the former despensation or older religions books must be written proving this. The another religion contain truth but Sikhism contains the fullness of truth.

Guru Granth Sahib of the world religion scriptures alone state that there are in numberable worlds and univers other than our own. The previous scripture were all concerned only with. This world and its spirtual counter part. The imply that they spoke of other word as dops the Guru Granth Sahib is to stretch their obivious meaning out of context. The Sikh religion and Guru Granth Sahib is the truly the answer to the problems of modern man.

ਡਾ. ਬਰਨਾਡ ਸ਼ਾਹ ਨੇ ਜਦੋਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਤਾਂ ਉਸ ਵੇਲੇ ਉਨ੍ਹਾਂ ਨੇ ਉਚਾਰਨ ਕੀਤਾ ਕਿ ਸਿੱਖ ਇਕ ਸਰਬ ਵਿਆਪਕ ਅਤੇ ਸੰਪੂਰਨ ਜਗਤ ਧਰਮ ਹੈ। ਮਨੁੱਖ ਮਾਤਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਡਾਕਟਰ ਸਾਹਿਬ ਫਰਮਾਉਂਦੇ ਹਨ ਕਿ ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇੱਕ ਹੋਰ ਚੰਗਾ ਧਰਮ ਹੈ। ਬਲਕਿ ਇਸਦੇ ਉਲਟ ਕਿ ਕੇਵਲ ਸਿੱਖੀ ਹੀ ਨਹੀਂ ਨਵੇਂ ਯੁੱਗ ਦਾ ਵੀ ਧਰਮ ਹੈ। ਇਹ ਗੱਲ ਸਿੱਧ ਕਰਨ ਦੀ ਸਖਤ ਲੋੜ ਹੈ ਕਿ ਦੂਜੇ ਸਾਰੇ ਮੱਤ ਸੱਚਾਈ ਰੱਖਦੇ ਹਨ ਪ੍ਰੰਤੂ ਸਿੱਖ ਧਰਮ ਭਰਪੂਰ ਸੱਚਾਈ ਰੱਖਦਾ ਹੈ । ਇਸ ਦੀ ਨੀਂਹ ਸੱਚ ਤੇ ਹੀ ਰੱਖੀ ਗਈ ਹੈ।

ਸੰਸਾਰ ਭਰ ਦੇ ਸਮੂਹ ਧਾਰਮਕ ਗ੍ਰੰਥਾਂ ਵਿੱਚੋਂ ਕੇਵਲ ਇੱਕੋ ਇੱਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਹਨ ਜੋ ਇਹ ਦੱਸਦੇ ਹਨ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਅਤੇ ਮੰਡਲ ਆਦਿ ਹਨ । ਪਿਛਲੇ ਗ੍ਰੰਥ ਸਿਰਫ ਲੋਕ ਪ੍ਰਲੋਕ ਬਾਰੇ ਹੀ ਵਾਸਤਾ ਰੱਖਦੇ ਹਨ। ਸੱਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਹਰ ਪ੍ਰਕਾਰ ਦੀਆਂ ਉਲਝਣਾਂ ਦਾ ਹੱਲ ਅਤੇ ਪ੍ਰਸ਼ਨਾਂ ਦਾ ਉੱਤਰ ਹੈ।

**Dr. Ajit Singh Sikka :** Dr. Ajit Singh Sikka had exclaimed that in the Shri Guru Granth Sahib the voice of Guru Nanak is the voice of love and it takes all the human being in to its folds. It is a sweet and musical voice of Guru Nanak that unites all the hearts of all nation and all began to flow in the mejectic ocean of every mans religion of Guru Nanak.

ਉਪਰੋਕਤ ਵਰਣਨ ਕੀਤੇ ਗਏ ਸ਼ੁਭ ਵਿਚਾਰਾਂ ਨੂੰ ਧਿਆਨ ਨਾਲ ਪੜ੍ਹਿਆਂ ਤੇ ਵਿਚਾਰਿਆਂ ਇਹ ਸਹਿਜੇ ਹੀ ਅਨੁਭਵ ਹੋ ਜਾਂਦਾ ਹੈ ਕਿ ਇਹ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਹਰ ਧਰਮ ਦਾ ਪੂਰਾ-ਪੂਰਾ ਆਦਰ ਤੇ ਸਤਿਕਾਰ ਕਰਦੇ ਹੋਏ ਸਾਰੀ ਦੀ ਸਾਰੀ ਮਨੁੱਖ ਜਾਤੀ ਦਾ ਭਲਾ ਲੋਚਦੇ ਹੋਏ ਵਿਸ਼ਵ ਅਮਨ ਅਥਵਾ ਅੰਤਰ-ਰਾਸ਼ਟਰੀ ਸੁੱਖ-ਸ਼ਾਂਤੀ ਦੇ ਕਹਿਣੀ ਅਤੇ

ਕਰਨੀ (World and Deed) ਦਵਾਰਾ ਕੇਵਲ ਇੱਛਕ ਹੀ ਹਨ ਬਲਕਿ ਜਿੱਥੇ ਕਿੱਥੇ ਪੂਰਨ ਤੌਰ ਤੇ ਯਤਨ-ਸ਼ੀਲ ਵੀ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰਸ਼ੀ ਬਾਣੀ ਅੰਦਰ ਇਹ ਕਿਧਰੇ ਵੀ ਨਹੀਂ ਕਿਹਾ ਗਿਆ ਸੀ ਕਿ ਕੇਵਲ ਸਿੱਖ ਧਰਮ ਨੂੰ ਅਪਨਾਉਣ ਵਾਲੇ ਹੀ ਰੱਬ ਦੀ ਦਰਗਾਹ ਵਿੱਚ ਨਿਵਾਜੇ ਜਾ ਸਕਣਗੇ ਬਲਕਿ ਥਾਂ-ਥਾਂ ਅੰਦਰ ਇਹ ਅਰਦਾਸਾਂ ਤੇ ਜੋਦੜੀਆਂ ਕੀਤੀਆਂ ਗਈਆਂ ਹੋਈਆਂ ਹਨ ਕਿ ਹੇ "ਏਕੋ ਅਲਹੁ ਪਾਰਬ੍ਰਹਮ" ਜੀਉ। ਜਿਵੇਂ ਵੀ ਆਪ ਨੂੰ ਭਾਵੇ ਅਥਵਾ ਜਿਸ ਵੀ ਕਿਸੇ ਦੁਆਰੇ (ਧਰਮ) ਰਾਹੀਂ ਇਸ ਜਗਤ-ਜਲੰਦੇ ਦਾ ਉਧਾਰ ਹੋ ਸਕੇ ਉਸੇ ਹੀ ਦੁਆਰੇ (ਧਰਮ) ਰਾਹੀਂ ਇਸ ਦੀ ਦੁੱਖਾਂ ਤੇ ਕਲੇਸ਼ਾਂ ਤੋਂ ਰੱਖਿਆ ਕਰੋ। ਹੇ ਪ੍ਰਭੂ! ਹੇ ਅਲਾਹ (God) ਅਸੀਂ ਸੰਸਾਰ ਦੇ ਸਬ ਜੀਵ ਭੁਲਣਹਾਰ ਹਾਂ ਅਤੇ "ਤੂੰ ਸਾਂਝਾ ਸਾਹਿਬ ਬਾਪ ਹਮਾਰਾ" ਹੈਂ, ਇਸ ਲਈ ਹੇ ਪਿਤਾ! ਜਿਵੇਂ ਵੀ ਹੋ ਸਕੇ ਉਵੇਂ ਹੀ ਇਹ :—

"ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥"

(ਬਿਲਾਵਲ ਕੀ ਵਾਰ ਮਹਲਾ ੩)

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ॥

# ਜੁਗੋ ਜੁਗ ਅਟੱਲ
# ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ
# ਬੋਲਦੇ ਅਤੇ ਸੁਣਦੇ ਵੀ ਹਨ

ਏ ਮਨ ਮਤੁ ਜਾਣਹਿ ਹਰਿ ਦੂਰ ਹੈ ਸਦਾ ਵੇਖੁ ਹਦੂਰ।
ਸਦ ਸੁਣਦਾ ਸਦ ਵੇਖਦਾ ਸਬਦੇ ਰਹਿਆ ਭਰਪੂਰ॥
ਸਭੁ ਕਿਛੁ ਸੁਣਦਾ ਪੇਖਦਾ ਕਿਉ ਮੁਕਰ ਪਾਇਆ ਜਾਇ॥

ਗੁਰੂ ਗ੍ਰੰਥ ਸਾਹਿਬ ਜੀ ਮਾਨਿਓ ਪ੍ਰਗਟ ਗੁਰਾਂ ਦੀ ਦੇਹ॥ ਅਨੁਸਾਰ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਬੋਲਦੇ ਵੀ ਹਨ ਅਤੇ ਸੁਣਦੇ ਵੀ ਹਨ। ਜਿਸਦੇ ਪ੍ਰਥਾਏ ਕੁੱਝ ਕੁ ਇਤਿਹਾਸਿਕ ਗਵਾਹੀਆਂ ਹਨ ਕਿ ਜਦੋਂ ਕਿਤੇ ਲੋੜ ਪਈ ਗੁਰੂ ਗ੍ਰੰਥ ਸਾਹਿਬ ਜੀ ਨੇ ਬੋਲ ਕੇ ਹੁਕਮਨਾਮੇ ਰਾਹੀਂ ਸਿੱਖਾਂ ਦੇ ਸ਼ੰਕੇ ਦੂਰ ਕੀਤੇ ਪ੍ਰਤੱਖ ਕਰ ਵਿਖਾਇਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਸੱਚਮੁੱਚ ਹੀ ਪ੍ਰਗਟ ਗੁਰਾਂ ਦੀ ਦੇਹ ਹੈ। ਜਿਸ ਵੇਲੇ ਗੁਰੂ ਕਲਗੀਧਰ ਪਾਤਸ਼ਾਹ ਨੇ ਪੰਜ ਪੈਸੇ ਅਤੇ ਨਾਰੀਅਲ ਹੱਥ ਵਿੱਚ ਫੜ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਤੁਹਾਡੇ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਡਾ ਹੀ ਸਰੂਪ ਸਮਝਣਾ। ਤੁਹਾਨੂੰ ਕਿਸੇ ਪ੍ਰਕਾਰ ਦੀ ਕੋਈ ਔਕੜ ਮੁਸੀਬਤ ਆ ਬਣੇ ਜਾਂ ਤੁਹਾਡਾ ਮਨ ਸਾਡੇ ਨਾਲ ਬਚਨ ਕਰਨ ਨੂੰ ਕਰੇ ਜਾਂ ਦਰਸ਼ਨ ਕਰਨ ਦੀ ਇੱਛਾ ਬਣੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੁਹਾਡੀ ਹਰ ਵੇਲੇ ਹਰ ਪ੍ਰਕਾਰ ਅੰਗ ਸੰਗ ਸਹਾਈ ਹੋਣਗੇ। ਕੁੱਝ ਕੁ ਸਿੱਖਾਂ ਦੇ ਮਨ ਵਿੱਚ ਸ਼ੰਕਾ ਉਪਜਿਆ ਕਿ ਗੁਰੂ ਗ੍ਰੰਥ ਸਾਹਿਬ ਕਿਵੇਂ ਬੋਲ ਸਕਦੇ ਹਨ ਕਿਸ ਪ੍ਰਕਾਰ ਅਸਾਨੂੰ ਭਰੋਸਾ ਬੱਝੇਗਾ ਅਤੇ ਕਿਸ ਤਰ੍ਹਾਂ ਸਾਡੀ ਰੱਖਿਆ ਕਰਨਗੇ ਉਸ ਵੇਲੇ ਘਟ ਘਟ ਕੇ ਅੰਦਰ ਕੀ ਜਾਨਤ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ ਕਿ ਸਿੱਖੋ ਤੁਸੀਂ ਸ਼ੰਕਾਂ ਨਾ ਕਰੋ। ਜਿਸ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਹਾਨੂੰ ਅਸੀਂ ਲੜ ਲਾਇਆ ਉਨ੍ਹਾਂ ਪਾਸੋਂ ਅਰਦਾਸ ਕਰਕੇ ਪੁੱਛ ਲੈਂਦੇ ਹਾਂ ਕਿ ਕੀ ਸੱਚਮੁੱਚ ਹੀ ਅਸੀਂ

ਤੁਹਾਡੇ ਅੰਗ ਸੰਗ ਰਹਾਂਗੇ। ਕਦੇ ਦੂਰ ਨਹੀਂ ਜਾਵਾਂਗੇ ਹਮੇਸ਼ਾ ਹੀ ਤੁਹਾਡੀ ਪ੍ਰਤੱਖ ਦੇਹ ਦੀ ਤਰ੍ਹਾਂ ਸਹਾਇਤਾ ਕਰਿਆ ਕਰਨਗੇ ਤਾਂ ਉਸ ਵੇਲੇ ਕੜ੍ਹਾਹ ਪ੍ਰਸਾਦਿ ਦੀ ਦੇਗ ਤਿਆਰ ਕਰਵਾ ਕੇ ਗੁਰੂ ਜੀ ਸਮੇਤ ਸਿੱਖਾਂ ਨੇ ਗਲ ਵਿੱਚ ਪੱਲੇ ਪਾ ਕੇ ਅਰਦਾਸ ਕੀਤੀ ਕਿ ਹੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਉ ਆਪ ਕ੍ਰਿਪਾ ਕਰਕੇ ਸਾਨੂੰ ਦੱਸੋ ਕਿ ਜੋ ਗੁਰੂ ਕਲਗੀਆਂ ਵਾਲੇ ਨੇ ਖਾਲਸੇ ਨੂੰ ਤੁਹਾਡੇ ਲੜ ਲਾਇਆ ਹੈ ਤੁਹਾਡੇ ਬਚਨਾਂ ਨੂੰ ਸੁਣ ਕੇ ਸਾਡੇ ਮਨ ਨੂੰ ਭਰੋਸਾ ਬੱਝੇਗਾ ਕਿ ਕੀ ਗੁਰੂ ਕਲਗੀਆਂ ਵਾਲਾ ਸਾਡੇ ਅੰਗ ਸੰਗ ਹੈ। ਤੁਹਾਡੇ ਦਰਸ਼ਨ ਕਲਗੀਆਂ ਵਾਲੇ ਦੇ ਹੀ ਦਰਸ਼ਨ ਹੋਣਗੇ ਤਾਂ ਉਸ ਵੇਲੇ ਜੋ ਹੁਕਮਨਾਮਾ ਆਇਆ।

### ਮਾਰੂ ਮਹਲਾ ੫ (ਪੰਨਾ 1000)

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ।
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥
ਅਬ ਮੋਹਿ ਜੀਵਨ ਪਦਵੀ ਪਾਈ।
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥ਰਹਾਉ॥
ਕਾਮ, ਕ੍ਰੋਧੁ, ਲੋਭੁ, ਮੋਹੁ ਨਿਵਾਰੇ, ਨਿਵਰੇ ਸਗਲ ਬੈਰਾਈ
ਸਦ ਹਜੂਰ ਹਾਜ਼ਰੁ ਹੈ ਨਾਜ਼ਰੁ ਕਤਹਿ ਨ ਭਇਓ ਦੂਰਾਈ॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ।
ਪਾਵਨ ਪਤਿਤ ਕੀਏ ਖਿਨ ਭੀਤਰਿ, ਮਹਿਮਾ ਕਥਨੁ ਨ ਜਾਈ॥
ਨਿਰਭਉ ਭਏ ਸਗਲ ਭੈ ਖੋਏ, ਗੋਬਿੰਦ ਚਰਣ ਓਟਾਈ।
ਨਾਨਕ ਜਸੁ ਗਾਵੈ ਠਾਕੁਰ ਕਾ, ਰੈਣਿ ਦਿਨਸੁ ਲਿਵ ਲਾਈ॥

ਹੁਕਮਨਾਮਾ ਆਇਆ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲੇ ਐ ਗੁਰ ਸਿੱਖੋ ਗੁਰੂ ਤਾਂ ਸਦਾ ਹੀ ਤੁਹਾਡੇ ਹਾਜ਼ਰ ਨਾਜ਼ਰ ਹਮੇਸ਼ਾ ਅੰਗ ਸੰਗ ਰਹੇਗਾ ਕਿਤੇ ਵੀ ਦੂਰ ਨਹੀਂ ਜਾਵੇਗਾ। ਖਿਨ ਵਿੱਚ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ, ਚਿੰਤਾ, ਫਿਕਰ ਡਰ ਨੂੰ ਦੂਰ ਕਰਨ ਵਾਲਾ ਹੈ। ਤੁਸੀਂ ਦਿਨ ਰਾਤ ਲਿਵ ਲਗਾ ਕੇ ਉਸ ਦੇ ਨਾਲ ਜੁੜੇ ਰਹਿਣਾ। ਗੁਰੂ ਗ੍ਰੰਥ ਸਾਹਿਬ ਜੀ ਨੇ ਬੋਲ ਕੇ ਸੱਭ ਨੂੰ ਧੀਰਜ ਦਿੱਤਾ।

ਇਕ ਘਟਨਾ ਸੰਨ ਜੂਨ 1984 ਦੀ ਹੈ ਜਦੋਂ ਸ਼੍ਰੀ ਦਰਬਾਰ ਸਾਹਿਬ ਤੇ ਹੱਲਾ ਹੋਇਆ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਉਡਾ ਦਿੱਤਾ। ਸ਼੍ਰੀ ਹਰਿਮੰਦਰ ਸਾਹਿਬ ਵਿੱਚ ਵੀ ਗੋਲੀਆਂ ਲੱਗੀਆਂ ਹਜ਼ਾਰਾਂ ਹੀ ਬੇ-ਕਸੂਰ ਮਜ਼ਲੂਮਾਂ ਨੂੰ ਕਤਲ ਕੀਤਾ ਗਿਆ । ਜਿਸੇ ਵੇਲੇ ਦੁਬਾਰਾ ਦਰਬਾਰ ਸਾਹਿਬ ਦੀ ਮਰਿਆਦਾ ਬਹਾਲ ਹੋਈ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਹੋਇਆ ਵਲੂੰਧਰੇ ਹੋਏ ਹਿਰਦਿਆਂ ਨੇ ਸ਼੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ। ਪ੍ਰੇਮੀ ਸੰਗਤਾਂ ਦੇ ਮਨ ਵਿੱਚ ਬੜਾ ਹੀ ਰੋਸ ਅਤੇ ਦਰਦ ਸੀ । ਜੇਕਰ ਕੋਈ ਇਨਸਾਨ ਗਲਤੀ ਕਰਦਾ ਹੈ ਉਸਨੂੰ ਉਸਦੀ ਸਜਾ ਦਿੱਤੀ ਜਾਂਦੀ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਰਬਾਰ ਸਾਹਿਬ ਜਿੱਥੋਂ ਹਰ ਵੇਲੇ ਸਾਂਝੀਵਾਲਤਾ ਦਾ ਉਪਦੇਸ਼ ਅਤੇ ਹਮੇਸ਼ਾਂ ਸਾਰਿਆਂ ਲਈ ਖੁੱਲਾ ਹੈ। ਚਾਹੇ ਕੋਈ ਕਿਸੇ ਧਰਮ ਨਾਲ ਕਿਉਂ ਨਾ ਸੰਬੰਧ ਰੱਖਦਾ ਹੋਵੇ। ਇਸ ਕਰਕੇ ਸ਼੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ। ਚੌਹਾਂ ਵਰਨਾਂ ਲਈ ਚੌਹਾਂ ਦਿਸ਼ਾਂ ਵਲੋਂ ਕਿੱਤੋਂ ਵੀ ਕੋਈ ਆਵੇ ਸੱਭ ਨੂੰ ਇਕੋ ਜਿਹਾ ਪਿਆਰ ਗਲਵਕੜੀ, ਸਦਭਾਵਨਾ, ਸਾਂਝੀਵਾਲਤਾ, ਆਪਸੀ ਪ੍ਰੇਮ ਹਮੇਸ਼ਾ ਮਿਲਦਾ ਹੈ। ਇਸਦੇ ਨਾਲ ਕਿਉਂ ਜਿਆਦਤੀ ਕੀਤੀ ਗਈ। ਹੇ ਵਾਹਿਗੁਰੂ ਜ਼ਾਲਮ ਨੇ ਹਕੂਮਤ ਦੇ ਨਸ਼ੇ ਵਿੱਚ ਆ ਕੇ ਤੇਰੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਹਜ਼ਾਰਾਂ ਹੀ ਮਜ਼ਲੂਮਾਂ ਨੂੰ ਢਹਿ ਢੇਰੀ ਕਰ ਦਿੱਤਾ ਹੈ ਕੀ ਉਸ ਜ਼ਾਲਮ ਨੂੰ ਵੀ ਕੋਈ ਸਜਾ ਦੇਣ ਵਾਲਾ ਹੋਵੇਗਾ। ਉਸ ਜ਼ਾਲਮ ਦਾ ਕੀ ਹਾਲ ਹੋਵੇਗਾ। ਆਪ ਕ੍ਰਿਪਾ ਕਰੋ ਹੁਕਮਨਾਮਾ ਬਖਸ਼ੋ। ਉਸ ਜਾਲਮ ਨੂੰ ਵੀ ਕੋਈ ਸਜਾ ਮਿਲੇਗੀ। ਉਸਨੂੰ ਵੀ ਕੋਈ ਪੁੱਛਣ ਵਾਲਾ ਹੋਵੇਗਾ।

ਉਸ ਵੇਲੇ ਹੁਕਮਨਾਮਾ ਆਇਆ ਸੀ । ਧਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਬੋਲੇ

ਸੋਰਠ ਮਹਲਾ ੫ ਘਰੁ ਤਿਤੁਕੇ (ਪੰਨਾ 608)

ੴ ਸਤਿਗੁਰ ਪ੍ਰਸਾਦਿ।

ਜਿਸੁ ਹਉ ਜਾਸੀ ਕਿਸੁ ਆਰਾਧੀ ਜਾਂ ਸਭੁ ਕੋ ਕੀਤਾ ਹੋਸੀ।
ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰੁਲਸੀ॥
ਨਿਰਭਉ ਨਿਰੰਕਾਰੁ ਭਵਖੰਡਨ ਸਭਿ ਸੁਖ ਨਵਨਿਧਿ ਦੇਸੀ।
ਹਰਿ ਜੀਉ ਤੇਰੀ ਦਾਤੀ ਰਾਜਾ॥
ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸੁ ਕਾ ਮੁਹਤਾਜਾ।

ਗੁਰੂ ਗ੍ਰੰਥ ਸਾਹਿਬ ਬੋਲੇ ਗੁਰ ਕੇ ਸਿੱਖੋ ਤੁਸੀਂ ਘਬਰਾਉ ਨਾ ਜਿਹੜਾ ਮਾਇਆ ਹਕੂਮਤ ਤੇ ਹੰਕਾਰ ਵਿੱਚ ਮਸਤ ਆਪਣੇ ਆਪ ਨੂੰ ਬਹੁਤਾ ਵੱਡਾ ਤਾਕਤਵਰ, ਸੱਭ ਨਾਲੋਂ ਬਲਵਾਨ ਜਾਣਦਾ ਹੈ। ਅਜਿਹੇ ਪੁਰਸ਼ਾਂ ਨੂੰ ਖਾਕ ਵਿੱਚ ਰੁਲਣਾ ਪੈਣਾ ਹੈ ਤੁਸੀਂ ਦੇਖੋਗੇ ਉਹ ਕਿਸ ਤਰ੍ਹਾਂ ਖਾਕ ਵਿੱਚ ਰੁਲਦੇ ਹਨ। ਗੁਰੂ ਸਹਿਬ ਦਾ ਇੱਕ-ਇੱਕ ਵਾਕ ਸੱਚ ਹੋਇਆ। ਸਾਲ ਤੋਂ ਪਹਿਲਾਂ ਹੀ ਖਾਕ ਵਿੱਚ ਰੁਲਾ ਦਿੱਤਾ ਅਤੇ ਜਿਸ ਦਿਨ 31 ਅਕਤੂਬਰ 1984 ਨੂੰ ਭਾਣਾ ਵਰਤਿਆ ਉਸ ਦਿਨ ਹੁਕਮਨਾਮਾ ਆਇਆ ਸੀ।

ਸੋਰਠ ਮਹਲਾ 3 ਘਰ ਤਿਤੁਕੀ (ਪੰਨਾ 637)

ਭਗਤਾਂ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ,
ਹਰਣਾਖਸੁ ਮਾਰਿ ਪਚਾਇਆ॥ ਗੁਰਮੁਖਾ ਨੋ ਪਰਤੀਤਿ ਹੈ
ਹਰਿ ਜੀਉ ਮਨਮੁਖ ਭਰਮ ਭੁਲਾਇਆ॥

ਇਕ ਘਟਨਾ 1920 ਅਕਤੂਬਰ ਦੇ ਮਹੀਨੇ ਦੀ ਗੱਲ ਹੈ। ਕੁੱਝ ਕੁ ਲੋਕ ਜਿੰਨ੍ਹਾਂ ਨੂੰ ਨੀਵੀਂ ਜਾਤ ਜਾਣ ਕੇ ਦੁਰਕਾਰਿਆ ਜਾਂਦਾ ਸੀ। ਉਨ੍ਹਾਂ ਨੇ ਸ਼੍ਰੀ ਗ੍ਰੰਥ ਸਾਹਿਬ ਜੀ ਦੀ ਬਾਣੀ ਸ੍ਰਵਣ ਕੀਤੀ ਅਤੇ ਬਾਣੀ ਦਾ ਅਜਿਹਾ ਅਸਰ ਹੋਇਆ ਕਿ ਉਹ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਗੁਰੂ ਕਲਗੀਧਰ ਪਾਤਸ਼ਾਹ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਖਾਲਸੇ ਸਜ ਗਏ। ਕਲਗੀਧਰ ਦੇ ਪੁੱਤਰ ਬਣ ਗਏ। ਮਨ ਵਿੱਚ ਸਿੱਖੀ ਦੇ ਅੰਮ੍ਰਿਤ ਦਾ ਬੜਾ ਚਾਅ ਹੈ ਸ਼ਰਧਾ ਹੈ ਲਗਨ ਹੈ। ਬੜੀ ਹੀ ਚੜਦੀ ਕਲਾ ਵਿੱਚ ਜੀਵਨ ਗੁਜਾਰਨ ਲੱਗੇ। ਉਸ ਵੇਲੇ ਦੇ ਕੁੱਝ ਕੁ ਆਗੂਆਂ ਨੇ ਕਿਹਾ ਤੁਸੀਂ ਚਲੋ ਦਰਬਾਰ ਸਾਹਿਬ ਦੇਗ ਕਰਾਕੇ ਖਾਲਸੇ ਪੰਥ ਵਿੱਚ ਸ਼ਾਮਲ ਹੋ ਜਾਵੋ। ਉਹ ਸਾਰੇ ਹੀ ਨਵੇਂ-ਨਵੇਂ ਸਜੇ ਸਿੰਘ ਬੜੇ ਹੀ ਚਾਅ ਸ਼ਰਧਾ ਨਾਲ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਾਹਿਬ ਪੁੱਜੇ ਜਿਸ ਵੇਲੇ ਦੇਗ ਲੈ ਕੇ ਸ਼੍ਰੀ ਦਰਬਾਰ ਸਾਹਿਬ ਅਰਦਾਸ ਕਰਵਾਉਣ ਲਈ ਪਹੁੰਚੇ ਉਸ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਭਾਈ ਗੁਰਬਖਸ਼ ਸਿੰਘ ਬੈਠੇ ਚੌਰ ਕਰ ਰਹੇ ਸਨ। ਉਸ ਵੇਲੇ ਦੇ ਪੁਜਾਰੀ ਗ੍ਰੰਥੀ ਸਿੰਘ ਉਠ ਕੇ ਖੜ੍ਹੇ ਹੋ ਕੇ ਕਹਿਣ ਲੱਗੇ ਕਿ ਤੁਸੀਂ ਨੀਵੀਂ ਜਾਤ ਵਾਲੇ ਹੋ। ਨੀਵੀਂ ਜਾਤੀ ਵਾਲਿਆਂ ਦੀ ਦੇਗ ਪ੍ਰਵਾਨ ਨਹੀਂ ਹੁੰਦੀ। ਅਸੀਂ ਤੁਹਾਡੀ ਅਰਦਾਸ ਹੋਣ ਨਹੀਂ ਦੇਣੀ ਆਪਣੀ ਦੇਗ ਵਾਪਸ ਲੈ ਜਾਵੋ ਇੱਥੋਂ ਬਾਹਰ ਚਲੇ ਜਾਉ। ਜਦੋਂ ਇਸ ਤਰ੍ਹਾਂ ਦੇ ਬਚਨ ਸੁਣੇ ਉਹ ਮੈਂਬਰ ਜਿਨਾਂ ਨੇ ਅਜੇ ਨਵਾਂ ਹੀ ਅੰਮ੍ਰਿਤ ਛੱਕਿਆ ਸੀ। ਉਨ੍ਹਾਂ ਦੇ ਮਨ ਨੂੰ ਬੜੀ ਠੇਸ ਪਹੁੰਚੀ ਬੜੇ ਹੀ ਨਿਰਾਸ਼ ਅਤੇ ਉਦਾਸ ਹੋ ਗਏ ਅਤੇ ਬੇਨਤੀ ਕਰਨ ਲੱਗੇ ਕਿ ਹੇ ਵਾਹਿਗੁਰੂ ਕਲਗੀਧਰ ਪਾਤਸ਼ਾਹ ਅਸੀਂ ਤੁਹਾਡਾ ਅੰਮ੍ਰਿਤ ਛੱਕ ਕੇ ਤੁਹਾਡੇ ਪੁੱਤਰ ਬਣੇ ਹਾਂ ਤੁਸੀਂ ਬਚਨ ਕੀਤੇ ਸਨ ਕਿ

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੇਰੋ ਪਿੰਡ ਪਰਾਨ।
ਖਾਲਾ ਮੇਰੀ ਜਾਨ ਕੀ ਜਾਨ।

ਅੰਮ੍ਰਿਤ ਛੱਕਣ ਉਪਰੰਤ ਤੁਹਾਡੇ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ । ਅੰਮ੍ਰਿਤ ਛੱਕਣ ਉਪਰੰਤ ਸਾਰੇ ਹੀ ਅਨੰਦਪੁਰ ਵਾਸੀ ਹੋਣਗੇ। ਹੇ ਕਲਗੀਧਰ ਪਾਤਸ਼ਾਹ ਤੁਸੀਂ ਹੀ ਬਚਨ ਕੀਤੇ ਸਨ ਕਿ

ਮਾਨਸ ਕੀ ਜਾਤ ਸਭ ਏਕੈ ਪਹਚਾਨਬੋ।

ਧਨ ਸ਼੍ਰੀ ਗੁਰੂ ਗ੍ਰੰਥ ਮਹਾਰਾਜ ਜੀ ਫਰਮਾਉਂਦੇ ਹਨ ਕਿ

ਜਾਤ-ਪਾਤ ਪੁਛੈ ਨਾ ਕੋਇ, ਹਰਿ ਕੋ ਭਜੇ ਸੋ ਹਰਿ ਕਾ ਹੋਇ

ਸਾ ਜਾਤਿ ਸਾ ਪਤਿ ਹੈ ਜੇ ਵੇਹੇ ਕਰਮ ਕਮਾਹਿ॥

ਅਸੀਂ ਅੰਮ੍ਰਿਤ ਛਕ ਕੇ ਅਜੇ ਵੀ ਨੀਵੀਂ ਜਾਤੀ ਦੇ ਹਾਂ। ਸਾਡੀ ਦੇਗ ਅਜੇ ਵੀ ਪ੍ਰਵਾਨ ਨਹੀਂ ਹੋਵੇਗੀ। ਦੋਹਾਂ ਦਾ ਆਪਸ ਵਿੱਚ ਤਕਰਾਰ ਹੋ ਗਿਆ। ਝਗੜਾ ਵੱਧ ਗਿਆ। ਇੱਕ ਪੱਖ ਕਹਿੰਦਾ ਹੈ ਕਿ ਇੰਨ੍ਹਾਂ ਨੂੰ ਖਾਲਸਾ ਪੰਥ ਵਿੱਚ ਸ਼ਾਮਲ ਕਰਨਾ ਹੈ, ਦੂਸਰੇ ਪਾਸੇ ਕਹਿੰਦੇ ਜਨ ਕਿ ਨੀਵੀਂ ਜਾਤੀ ਵਾਲਿਆਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ। ਇਤਨੇ ਨੂੰ ਇੱਕ ਗੁਰਮੁੱਖ ਜਨ ਜਿੰਨ੍ਹਾਂ ਨੇ ਅੰਮ੍ਰਿਤ ਛਕਿਆ ਸੀ ਅਤੇ ਆਪਣਾ ਜੀਵਨ ਗੁਰਬਾਣੀ ਦੇ ਆਸੇ ਅਨੁਸਾਰ ਢਾਲਿਆ ਸੀ । ਉਹਨਾਂ ਦੋਹਾਂ ਦੀ ਗੱਲ ਸੁਣ ਕੇ ਬੇਨਤੀ ਕੀਤੀ ਕਿ ਭੋਲਿਓ, ਕਿਉਂ ਐਵੇਂ ਝਗੜਾ ਕਰਦੇ ਹੋ। ਜਦੋਂ ਕਿ ਜਾਹਿਰਾ ਗੁਰੂ ਪ੍ਰਗਟ ਗੁਰਾਂ ਕੀ ਦੇਹ, ਦਸਾਂ ਹੀ ਪਾਤਸ਼ਾਹੀਆਂ ਦਾ ਸਰੂਪ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਹੈ। ਆਪਾਂ ਅਰਦਾਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਹੁਕਮ ਲੈਂਦੇ ਹਾਂ। ਜੋ ਵੀ ਹੁਕਮਨਾਮਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਬਖਸ਼ਸ਼ ਕਰਨਗੇ। ਉਸਨੂੰ ਸਤ ਕਰਕੇ ਮੰਨ ਲੈਣਾ। ਤੁਸੀਂ ਕਾਹਦੇ ਲਈ ਝਗੜਾ ਕਰਦੇ ਹੋ। ਉਨ੍ਹਾਂ ਗੁਰਮੁਖ ਪਿਆਰਿਆਂ ਦਾ ਬਚਨ ਸੱਭ ਨੇ ਮੰਨ ਲਿਆ। ਦੇਗ ਲੈ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਗੱਲ ਵਿੱਚ ਪੱਲਾ ਪਾ ਕੇ ਬੇਨਤੀ ਅਰਦਾਸ ਕੀਤੀ ਗਈ ਕਿ ਹੇ ਪ੍ਰਗਟ ਗੁਰਾਂ ਦੀ ਦੇਹ, ਸ਼ਬਦ ਸਰੂਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਉ ਆਪ ਕਿਰਪਾ ਕਰਕੇ ਫੈਸਲਾ ਕਰੋ ਹੁਕਮਨਾਮਾ ਬਖਸ਼ੋ ਕਿ ਕੁੱਝ ਕੁ ਲੋਕ ਜੋ ਜਾਤੀ ਕਰਕੇ ਨੀਵੀਂ ਜਾਤੀ ਦੇ ਮੰਨੇ ਜਾਂਦੇ ਹਨ। ਤੇਰੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਕੇ ਤੇਰੇ ਦਰ ਤੇ ਅਰਦਾਸ ਕਰਨ ਲਈ ਪੁੱਜੇ ਹਨ ਅਤੇ ਖਾਲਸਾ ਪੰਥ ਵਿੱਚ ਸ਼ਾਮਲ ਹੋਣ ਲਈ ਬੇਨਤੀ ਜੋਦੜੀ ਕਰਨ ਲਈ ਤੇਰੇ ਦਰ ਤੇ ਚਲ ਕੇ ਆਏ ਹਨ। ਇੱਕ ਪੱਖ ਕਹਿੰਦਾ ਹੈ ਕਿ ਇੰਨ੍ਹਾਂ ਨੂੰ ਖਾਲਸਾ ਪੰਥ ਵਿੱਚ ਸ਼ਾਮਲ ਕਰ ਲਿਆ ਜਾਵੇ ਦੂਸਰਾ ਪੱਖ ਮੰਨਦਾ ਨਹੀਂ ਹੈ। ਤੁਸੀਂ ਹੀ ਹੁਕਮਨਾਮਾ ਬਖਸ਼ਸ਼ ਕਰੋ ਕਿ ਕੀ ਤੇਰੇ ਦਰ ਉੱਤੇ ਇਨ੍ਹਾਂ ਦੀ ਦੇਗ ਪ੍ਰਵਾਨ ਹੋ ਸਕਦੀ ਹੈ, ਇਹਨਾਂ ਨੂੰ ਖਾਲਸਾ ਪੰਥ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਐ ਮੇਰੇ ਸਤਿਗੁਰੂ ਸੱਚੀ ਦੇਹ ਆਪ ਕਿਰਪਾ ਕਰਕੇ ਹੁਕਮਨਾਮਾ ਬਖਸ਼ਸ਼ ਕਰੋ। ਜਦੋਂ ਅਰਦਾਸ ਹੋ ਚੁੱਕੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਆਇਆ। ਗੁਰੂ ਗ੍ਰੰਥ ਸਾਹਿਬ ਜੀ ਨੇ ਬੋਲ ਕੇ ਕਿਹਾ ਕਿ

ਸੋਰਠ ਮਹਲਾ ੩ (638)

ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ, ਸਤਿਗੁਰ ਕੀ ਸੇਵਾ ਲਾਇ॥

ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥

ਹਰਿ ਜੀਉ ਆਪੇ ਬਖਸਿ ਮਿਲਾਇ॥

ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ 'ਰਹਾਉ॥'

ਗੁਰੂ ਗ੍ਰੰਥ ਸਾਹਿਬ ਬੋਲੇ ਇੱਕ-ਇੱਕ ਅੱਖਰ, ਸ਼ਬਦ ਰਹੀਂ ਪੂਰਾ ਫੈਸਲਾ ਸੁਣਾਇਆ ਕਿ ਇਹ ਗੁਰੂ ਨਾਨਕ ਦਾ ਦਰਬਾਰ ਤਾਂ ਗੁਣਾਂ ਤੋਂ ਹੀਣਿਆਂ, ਪਾਪੀਆਂ, ਅਪਰਾਧੀਆਂ ਨੂੰ ਵੀ ਬਖਸ਼ਣਹਾਰ ਹੈ। ਗਲ ਨਾਲ ਲਾਉਂਦਾ ਹੈ ਅਤੇ ਇਹ ਜਿਹੜੇ ਗੁਰੂ ਵਾਲੇ ਬਣ ਕੇ ਔਗੁਣਾਂ ਨੂੰ ਅਪਰਾਧਾਂ ਨੂੰ ਤਿਆਗ ਕੇ ਸਰਿਣ ਵਿੱਚ ਆਏ ਹਨ ਇੰਨ੍ਹਾਂ ਦੀ ਦੇਗ ਕਿਉਂ ਨਹੀਂ ਪ੍ਰਵਾਨ ਹੋਵੇਗੀ। ਇੰਨ੍ਹਾਂ ਨੂੰ ਕਿਉਂ ਨਹੀਂ ਪੰਥ ਵਿੱਚ ਸ਼ਾਮਲ ਕੀਤਾ ਜਾਵੇਗਾ। ਇਹ ਦਰਬਾਰ ਤਾਂ ਪਾਪੀਆਂ ਅਪਰਾਧੀਆਂ ਨੂੰ ਵੀ ਗਲੇ ਨਾਲ ਲਾਉਂਦਾ ਹੈ। ਇਸ ਲਈ ਇੰਨਾਂ ਦੀ ਦੇਗ ਪ੍ਰਵਾਨ ਹੋਵੇਗੀ ਅਤੇ ਖਾਲਸਾ ਪੰਥ ਵਿੱਚ ਸ਼ਾਮਲ ਕੀਤੇ ਜਾਣਗੇ। ਜਦੋਂ ਸਾਰਿਆਂ ਨੇ ਹੁਕਮਨਾਮਾ ਸੁਣਿਆਂ ਤਾਂ ਸਾਰਿਆਂ ਨੇ ਮੰਨ ਲਿਆ ਅਤੇ ਅੱਗੇ ਤੋਂ ਭੁੱਲ ਲਈ ਮੁਆਫ਼ੀ ਮੰਗੀ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਵੀ ਹਨ ਤੇ ਸੁਣਦੇ ਵੀ ਹਨ।

ਅੱਗੇ ਇੱਕ ਘਟਨਾ ਨਨਕਾਣਾ ਸਾਹਿਬ ਦੀ ਧਰਤੀ ਦੀ ਹੈ। ਜਿੱਥੇ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿੱਚ ਅਨੇਕਾਂ ਹੀ ਕੌਤਕ ਕਰਕੇ ਦੌਲਤਾਂ ਦਾਈ ਨੂੰ ਪੰਡਤ ਹਰਦਿਆਲ ਵਰਗਿਆਂ ਨੂੰ ਰਾਏ ਬੁਲਾਰ ਬਾਦਸ਼ਾਹ ਨੂੰ ਵੀ ਉਸ ਪਵਿੱਤਰ

ਧਰਤੀ ਤੇ ਨਿਹਾਲ ਕੀਤਾ । ਅਨੇਕਾਂ ਪ੍ਰਕਾਰ ਦੇ ਕੌਤਕ ਰਚ ਕੇ ਵਹਿਮਾਂ ਭਰਮਾਂ ਦੇ ਜਾਲਾਂ ਵਿੱਚ ਫਸੀ ਹੋਈ ਦੁਨੀਆਂ ਨੂੰ ਗੁਰਬਾਣੀ ਦੇ ਛੱਟੇ ਮਾਰ-ਮਾਰ ਕੇ ਢੰਡ ਪਾਈ ਉਸ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਉੱਥੋਂ ਦਾ ਪ੍ਰਬੰਧਕ ਮੁੱਖ ਸੇਵਾਦਾਰ ਮਹੰਤ ਨਰੈਣੂ ਉਸ ਪਾਵਨ ਪਵਿੱਤਰ ਅਸਥਾਨ ਉਪਰ ਇਤਨੇ ਕੁ ਕੁਕਰਮ ਕਰ ਰਿਹਾ ਸੀ ਕਿ ਜਿਹੜੇ ਜਬਾਨ ਰਾਹੀਂ ਬਿਆਨ ਨਹੀਂ ਕੀਤੇ ਜਾ ਸਕਦੇ। ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ ਉਸ ਪਵਿੱਤਰ ਅਸਥਾਨ ਤੇ ਵਿਸ਼ੇ ਵਿਕਾਰ ਭੋਗੇ ਜਾਂਦੇ ਸਨ। ਸ਼ਰਾਬਾਂ ਦੇ ਦੌਰ ਚਲਦੇ ਸਨ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਕੁਕਰਮ ਕਰਕੇ ਉਸ ਪਾਵਨ ਪਵਿੱਤਰ ਅਸਥਾਨ ਦੀ ਬੇਅਦਬੀ ਕੀਤੀ ਜਾਂਦੀ ਸੀ । ਉਸਨੂੰ ਰੋਕਣ ਵਾਲਾ ਕੋਈ ਨਹੀਂ ਸੀ। ਉਸਨੇ ਆਪਣੇ ਪਾਸ ਬਦਮਾਸ਼ ਗੁੰਡੇ ਰੱਖੇ ਹੋਏ ਸਨ। ਇੱਕ ਸਿੱਖ ਭਾਈ ਲਛਮਣ ਸਿੰਘ ਜੀ ਧਾਰੋਵਾਲੀ ਜਿਸਦੇ ਮਨ ਨੂੰ ਬੜੀ ਚੋਟ ਲੱਗੀ ਅਤੇ ਦਿਨੇ ਰਾਤ ਸੋਚਦਾ ਹੈ ਕਿ ਕਿਹੜਾ ਵੇਲਾ ਆਵੇ ਜਦੋਂ ਉਸ ਮਹੰਤ ਨਰੈਣ ਨੂੰ ਉੱਥੋਂ ਕੱਢ ਕੇ ਉਸ ਪਾਪੀ ਨੂੰ ਉੱਥੋਂ ਸਦਾ ਵਾਸਤੇ ਕੱਢਿਆ ਜਾਵੇ। ਅਰਦਾਸ ਕਰਦਾ ਹੈ ਕਿ ਹੇ ਸਤਿਗੁਰ ਕਿਰਪਾ ਕਰੋ ਆਪਣੇ ਬੱਚੇ ਨੂੰ ਬਲ ਬਖਸ਼ੋ ਤਾਂ ਕਿ ਉਸ ਪਾਪੀ ਮਹੰਤ ਨੂੰ ਉਸ ਪਾਵਨ ਪਵਿੱਤਰ ਅਸਥਾਨ ਦੀ ਬੇਅਦਬੀ ਤੋਂ ਰੋਕਿਆ ਜਾਵੇ। ਭਾਈ ਲਛਮਣ ਸਿੰਘ ਨੇ ਆਪਣਾ ਜੱਥਾ ਤਿਆਰ ਕੀਤਾ ਅਤੇ ਨਨਕਾਣਾ ਸਾਹਿਬ ਦੀ ਧਰਤੀ ਵੱਲ ਰਵਾਨਾ ਹੋਣ ਤੋਂ ਪਹਿਲਾਂ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਰਨਾਂ ਵਿੱਚ ਖੜ੍ਹਾ ਹੋ ਕੇ ਅਰਦਾਸ ਕਰਦਾ ਹੈ ਕਿ ਹੇ ਸਤਿਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀਓ ਤੁਸੀਂ ਕਿਰਪਾ ਕਰੋ ਦਾਸ ਨੂੰ ਬਲ ਬਖਸ਼ੋ ਤੇਰੇ ਚਰਨਾਂ ਦਾ ਆਸਰਾ ਤੱਕ ਕੇ ਤੇਰੇ ਤੇ ਭਰੋਸਾ ਰੱਖ ਕੇ ਜੱਥਾ ਰਵਾਨਾ ਹੋ ਰਿਹਾ ਹੈ। ਐ ਸੱਚੀ ਦੇਹ ਸ਼ਬਦ ਸਰੂਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਰਪਾ ਕਰਕੇ ਦੱਸੋ ਕਿ ਕੀ ਤੇਰੇ ਬੱਚਿਆਂ ਨੂੰ ਕਾਮਯਾਬੀ ਮਿਲੇਗੀ ਆਪ ਹੁਕਮਨਾਮਾ ਬਖਸ਼ਸ਼ ਕਰੋ। ਉਸ ਵੇਲੇ ਅਰਦਾਸ ਹੋਈ ਅਤੇ ਹੁਕਮਨਾਮਾ ਆਇਆ।

ਰਾਗ ਸੂਹੀ ਅਸ਼ਟਪਦੀਆ ਮਹਲਾ ੪ ਘਰ ੨

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥
ਦਰਸ਼ਨੁ ਹਰਿ ਦੇਖਣ ਕੈ ਤਾਈ॥
ਕ੍ਰਿਪਾ ਕਰਹਿ ਤਾ ਸਤਿਗੁਰ ਮੇਲਹਿ, ਹਰਿ ਹਰਿ ਨਾਮੁ ਧਿਆਈ॥ਰਹਾਉ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ।
ਜੇ ਭੁਖ ਦੇਹਿ ਤ ਇਤਨੀ ਰਾਜਾ, ਦੁਖ ਵਿਚਿ ਸੂਖ ਮਨਾਈ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ।
ਪਖਾ ਫੇਰੀ, ਪਾਣੀ ਢੋਵਾ ਜੋ ਦੇਵਹਿ ਸੋ ਖਾਈ॥
ਨਾਨਕ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ।

ਕਮਾਲ ਹੈ ਮੇਰੇ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਬੋਲੇ ਹੁਕਮਨਾਮੇ ਦਾ ਇੱਕ-ਇੱਕ ਅੱਖਰ ਸੱਚ ਹੋਇਆ ਜੋ ਹੁਕਮਨਾਮਾ ਆਇਆ ਸੀ ਕਿ ਸਿੱਖੋ ਕਾਮਜਾਬੀ ਤਾਂ ਜ਼ਰੂਰ ਮਿਲੇਗੀ ਪ੍ਰੰਤੂ ਬੰਦ-ਬੰਦ ਕੱਟਿਆ ਜਾਵੇਗਾ ਅੱਗ ਵਿੱਚ ਸੜਨਾ ਪਵੇਗਾ। ਸ਼ਰੀਰ ਦੇ ਟੁਕੜੇ-ਟੁਕੜੇ ਕੀਤੇ ਜਾਣਗੇ। ਸਿੱਖਾਂ ਨੇ ਨਮਸਕਾਰ ਕੀਤੀ ਕਿ ਸਤਿਗੁਰੂ ਤਨ ਭਾਵੇਂ ਟੁਕੜੇ-ਟੁਕੜੇ ਹੋ ਜਾਵੇ ਭਾਵੇਂ ਅੱਗ ਵਿੱਚ ਸੜਨਾ ਪੈ ਜਾਏ ਕੋਈ ਪ੍ਰਵਾਹ ਨਹੀਂ ਪ੍ਰੰਤੂ ਤੇਰੇ ਦਰਬਾਰ ਤੇ ਕੁਕਰਮ ਹੁੰਦੇ ਨਹੀਂ ਦੇਖ ਸਕਦੇ। ਉਸ ਪਾਪੀ ਮਹੰਤ ਨੂੰ ਉਥੋਂ ਕੱਢ ਦੇਣਾ ਹੈ। ਸਿੱਖਾਂ ਨੇ ਕੂਚ ਕੀਤਾ ਅਗਲੇ ਦਿਨ ਡੇਰਾ ਕੀਤਾ ਸਿੱਖ ਇਤਿਹਾਸ ਦੇ ਪੰਨੇ ਦੱਸਦੇ ਹਨ ਕਿ ਦੂਸਰੇ ਦਿਨ ਭਾਈ ਸੇਵਾ ਸਿੰਘ ਵਾਲੇ ਨਨਕਾਣਾ ਸਾਹਿਬ ਤੋਂ 40 ਕਿਲੋਮੀਟਰ ਪਹਿਲਾਂ ਉਸ ਪਿੰਡ ਵਿੱਚ ਰਾਤ ਡੇਰਾ ਕੀਤਾ।

ਭਾਈ ਲਛਮਣ ਸਿੰਘ ਜੀ ਜੱਥੇ ਸਮੇਤ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ ਨਿਤਨੇਮ ਕਰਨ ਤੋਂ ਉਪਰੰਤ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਪਹੁੰਚ ਕੇ ਨਮਸਕਾਰ ਕੀਤੀ ਅਤੇ ਅਰਦਾਸ ਕਰਨ ਲੱਗੇ। ਭਾਈ ਲਛਮਣ ਸਿੰਘ ਜੀ ਨੇ ਗੱਲ

ਵਿੱਚ ਪੱਲਾ ਪਾਇਆ ਹੈ ਹੱਥ ਜੋੜ ਕੇ ਅਰਦਾਸ ਕਰਦਾ ਹੈ ਐ ਮੇਰੇ ਸਤਿਗੁਰੂ ਤੇਰੇ ਸਿੱਖ ਅੱਜ ਨਨਕਾਣੇ ਦੀ ਧਰਤੀ ਤੇ ਪੁੱਜ ਰਹੇ ਹਾਂ। ਇੱਕ ਦਫ਼ਾ ਹੋਰ ਕਿਰਪਾ ਕਰਕੇ ਦੱਸੋ ਕਿਰਪਾ ਕਰੋ ਅੱਜ ਤੇਰੇ ਪਾਵਨ ਦਰਬਾਰ ਤੇ ਜਾ ਕੇ ਨਮਸਕਾਰ ਕਰਨੀ ਹੈ ਹੁਕਮਨਾਮਾਂ ਬਖਸ਼ਸ਼ ਕਰੋ ਕਿ ਕੀ ਕਾਮਜਾਬੀ ਮਿਲੇਗੀ। ਸਿੱਖ ਇਤਿਹਾਸ ਦੇ ਪੰਨੇ ਦੱਸਦੇ ਹਨ ਕਿ ਜਿਹੜਾ ਹੁਕਮਨਾਮਾ ਚੱਲਣ ਵੱਲੇ ਆਇਆ ਉਹੀ ਹੁਕਮਨਾਮਾ ਆਇਆ ਕਿ ਗਰੂ ਗ੍ਰੰਥ ਸਾਹਿਬ ਬੋਲੇ ਕਿ ਤਨ ਦੇ ਟੁਕੜੇ ਹੋ ਸਕਦੇ ਹਨ। ਅੱਗ ਵਿੱਚ ਸਾੜਿਆ ਜਾ ਸਕਦਾ ਹੈ। ਕਾਮਜਾਬੀ ਤਾਂ ਜ਼ਰੂਰ ਮਿਲੇਗੀ ਪ੍ਰੰਤੂ ਇਹ ਕੁਰਬਾਨੀ ਕਰਨੀ ਪਵੇਗੀ। ਸਿੱਖਾਂ ਨੇ ਨਮਸਕਾਰ ਕੀਤੀ ਅਤੇ ਰਵਾਨਾ ਹੋ ਗਏ। ਨਨਕਾਣਾ ਸਾਹਿਬ ਦੀ ਧਰਤੀ ਤੇ ਜਾ ਨਮਸਕਾਰ ਕੀਤੀ ਪ੍ਰੰਤੂ ਜੋ ਹੁਕਮਨਾਮਾ ਆਇਆ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਬੋਲੇ ਸਨ। ਇੱਕ-ਇੱਕ ਅੱਖਰ ਸੱਚ ਹੋਇਆ।

ਸਿੱਖਾਂ ਦੇ ਤਨ ਦੇ ਟੁਕੜੇ-ਟੁਕੜੇ ਕੀਤੇ ਗਏ। ਭਾਈ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਜਿੰਦਾ ਅੱਗ ਵਿੱਚ ਸਾੜਿਆ ਗਿਆ ਅਤੇ ਸਰੀਰ ਦੇ ਟੁੱਕੜੇ-ਟੁੱਕੜੇ ਹੋ ਗਏ। ਪ੍ਰੰਤੂ ਉਹ ਪਾਪੀ ਮਹੰਤ ਨਹੈਣੂ ਨੂੰ ਸਦਾ ਲਈ ਉੱਥੋਂ ਕੱਢ ਦਿੱਤਾ। ਅਗਲੇ ਦਿਨ ਖਾਲਸਾ ਪੰਥ ਇਕੱਤਰ ਹੋਇਆ ਜਦੋਂ ਨਨਕਾਣਾ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਕੁੰਡਾ ਖੋਲ ਕੇ ਅੰਦਰ ਵੇਖਿਆ ਕਿ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਗੋਲੀਆਂ ਲੱਗੀਆਂ ਹਨ ਅਤੇ ਭਾਈ ਲਛਮਣ ਸਿੰਘ ਦਾ ਖੂਨ ਉੱਥੇ ਵੀ ਡੁੱਲਿਆ ਹੈ।

ਸਿੱਖਾਂ ਦੇ ਸਰੀਰਾਂ ਦੇ ਲੋਥੜੇ ਮਾਸ ਦੇ ਟੁਕੜੇ ਥਾਂ-ਥਾਂ ਪਏ ਸਨ ਸਿੱਖਾਂ ਦੇ ਕੇਸਾਂ ਦੀਆਂ ਲਿੱਟਾਂ ਖਿਲਰੀਆਂ ਪਈਆਂ ਸਨ । ਸਾਰੀ ਜ਼ਮੀਨ ਖੂਨ ਨਾਲ ਲੱਥ ਪੱਥ ਹੋਈ ਪਈ ਸੀ। ਉਸ ਵੇਲੇ ਸਾਰੀ ਸੰਗਤ ਇਕੱਤਰ ਹੋਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ ਕਿ ਹੇ ਸਤਿਗੁਰੂ ਤੇਰੇ ਸਿੱਖ ਤੇਰੇ ਘਰ ਦੀ ਬੇਅਦਬੀ ਨਾ ਸਹਾਰਦੇ ਹੋਏ, ਪਾਪੀ ਮਹੰਤ ਨੂੰ ਕੱਢਣ ਦੀ ਖਾਤਰ ਸ਼ਹੀਦ ਹੋ ਗਏ ਹਨ । ਉਨ੍ਹਾਂ ਸਿੱਖਾਂ ਦੀ ਕੀ ਅਵਸਥਾ ਸੀ ਕੀ ਉਹ ਤੇਰੇ ਦਰ ਤੇ ਪ੍ਰਵਾਨ ਹੋ ਗਏ ਹਨ ਤਾਂ ਉਸ ਵੇਲੇ ਹੁਕਮਨਾਮਾ ਆਇਆ ਸੀ ਕਿ

ਰਾਗ ਸੂਹੀ ਬਾਣੀ ਸੇਖ ਫਰੀਦ ਜੀ ਕੀ (ਪੰਨਾ 794)

ਤਪਿ ਤਪਿ, ਲੁਹਿ ਲੁਹਿ, ਹਾਥ ਮਰੋਰਉ।<br>
ਬਾਵਲਿ ਹੋਈ ਸੋ ਸਹੁ ਲੋਰਉ॥<br>
ਤੇ ਸਹਿ ਮਨ ਕੀਆ ਰੋਸੁ॥<br>
ਮੁਝੁ ਅਵਗਨ ਸਹ ਨਾਹੀ ਦੋਸੁ।<br>
ਤੈ ਸਾਹਿਬ ਕੀ ਮੈ ਸਾਰ ਨ ਜਾਨੀ।<br>
ਜੋਬਨੁ ਖੋਇ ਪਾਛੈ ਪਛੁਤਾਨੀ॥ ਰਹਾਉ॥<br>
ਕਾਲੀ ਕੋਇਲ ਤੂ ਕਿਤ ਗੁਨ ਕਾਲੀ।<br>
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥

ਗੁਰੂ ਗ੍ਰੰਥ ਸਾਹਿਬ ਬੋਲੇ ਹੁਕਮਨਾਮਾ ਆਇਆ ਕਿ ਉਹ ਤਾਂ ਆਪਣੇ ਪ੍ਰੀਤਮ ਸਤਿਗੁਰੂ ਦੇ ਬਿਰਹ ਪ੍ਰੇਮ ਵਿੱਚ ਭਿੱਜੇ ਹੋਏ ਆਏ ਸਨ। ਉਹ ਤਾਂ ਸਤਿਗੁਰ ਦੇ ਬਿਰਹ ਵਿਛੋੜੇ ਵਿੱਚ ਭਿੱਜੇ ਹੋਏ ਸਨ। ਉਸ ਵਿੱਚ ਹੀ ਅਭੇਦ ਹੋ ਗਏ । ਉਨ੍ਹਾਂ ਸ਼ਹੀਦ ਸਿੰਘਾਂ ਦੇ ਸਰੀਰਾਂ ਦੇ ਟੁਕੜੇ ਮਾਸ ਦੇ ਲੋਥੜੇ ਇਕੱਠੇ ਕਰਕੇ ਉੱਸੇ ਅਸਥਾਨ ਤੇ ਹੀ ਅੰਗੀਠਾਂ ਤਿਆਰ ਕੀਤਾ ਗਿਆ ਤਕਰੀਬਨ 10 ਮਾਸ ਦੇ ਟੋਕਰੇ ਭਰ ਕੇ ਚਿਤਾ ਉੱਤੇ ਰੱਖੇ ਚਿਤਾ ਤਿਆਰ ਕੀਤੀ ਗਈ ਅਤੇ ਉਹੀ ਬੀੜ ਸਾਹਿਬ ਜਿਸ ਵਿੱਚ ਗੋਲੀਆਂ ਲੱਗੀਆਂ ਹੋਈਆਂ  ਸਨ। ਬਾਹਰ ਪ੍ਰਕਾਸ਼ ਕਰ ਕੇ ਭਾਈ ਪ੍ਰੋਫੈਸਰ ਜੋਧ ਸਿੰਘ ਨੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇਰੇ ਸਿੱਖ ਤੇਰੇ ਪਿਆਰੇ ਤੇਰੇ ਦਰਬਾਰ ਦੀ ਅਪਵਿਤਰਤਾ ਨੂੰ ਨਾ ਸਹਾਰਦੇ ਹੋਏ ਪਾਪੀ ਮਹੰਤ ਨੂੰ ਤੇਰੇ ਅਸਥਾਨ ਤੋਂ ਕੁਕਰਮ ਕਰਨ ਤੋਂ ਵਰਜਣ ਲਈ ਆਪਾ ਵਾਰ ਕੇ ਸ਼ਹੀਦ ਹੋ ਗਏ ਹਨ। ਤੁਸੀਂ ਕਿਰਪਾ ਕਰਕੇ ਬੋਲ ਕੇ ਦੱਸੋ ਕੀ ਐ ਮੇਰੇ ਸਤਿਗੁਰ ਕੀ ਉਹ ਤੇਰੇ ਦਰ ਤੇ  ਪ੍ਰਵਾਨ ਹੋ ਗਏ ਹਨ। ਉਸ ਵੇਲੇ ਹੁਕਮਨਾਮਾ ਆਇਆ ਸੀ

ਵਡਹੰਸ ਮਹਲਾਪ ਸਲੋਕ (ਪੰਨਾ 578)

ਜੋ ਲੋੜੀਂਦੇ ਰਾਮ ਸੇਵਕ ਸੇਈ ਕਾਢੀਅਹ।

ਨਾਨਕ ਜਾਣੋ ਸਤ ਸਾਈਂ ਸੰਤ ਨ ਬਾਹਰਾ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਬੋਲੇ ਹੁਕਮਨਾਮਾ ਆਇਆ ਕਿ ਐ ਸੰਗਤ ਖਾਲਸਾ ਜੀ ਮਤਾ ਭੁਲੇਖੇ ਵਿੱਚ ਰਹਿ ਜਾਣਾ ਕਿ ਸਾਈ ਅਤੇ ਸੰਤ ਵੱਖਰੇ ਹਨ। ਉਹ ਤਾਂ ਸਾਈ ਦਾ ਹੀ ਰੂਪ ਸਨ । ਉਹ ਤਾਂ ਸਾਈ ਵਿੱਚ ਹੀ ਅਭੇਦ ਹੋ ਗਏ ਹਨ। ਉਹ ਤਾਂ ਪ੍ਰਮੇਸ਼ਰ ਨੂੰ ਲੋੜੀਂਦੇ ਸਨ ਇਸ ਕਰਕੇ ਉਨ੍ਹਾਂ ਨੂੰ ਆਪਣੇ ਵਿੱਚ ਅਭੇਦ ਕਰ ਲਿਆ ਹੈ। ਉਹ ਤਾਂ ਪਰਮੇਸ਼ਵਰ ਵਿੱਚ ਅਭੇਦ ਹੋ ਗਏ ਹਨ। ਗੁਰੂ ਗ੍ਰੰਥ ਸਾਹਿਬ ਬੋਲੇ ਅਤੇ ਇੱਕ-ਇੱਕ ਵਾਕ ਸੱਚ ਹੋਇਆ।

ਇੱਕ ਹੋਰ ਘਟਨਾ ਇਸੇ ਹੀ ਸਦੀ ਦੀ ਅੰਗਰੇਜ਼ਾਂ ਵੇਲੇ ਦੀ ਹੈ। ਦਿੱਲੀ ਦਾ ਇਕ ਸਿੱਖ ਗਿਆਨੀ ਸੋਭਾ ਸਿੰਘ ਜਿਸਨੂੰ ਕੋਈ ਖਾਸ ਹੀ ਕੰਮ ਸੀ ਇਸਾਈਆਂ ਨਾਲ। ਇਸਾਈਆਂ ਅੰਗਰੇਜ਼ਾਂ ਨੇ ਕਿਹਾ ਕਿ ਤੇਰਾ ਕੰਮ ਫਿਰ ਕਰਾਂਗੇ ਤੇ ਪਹਿਲਾਂ ਤੂੰ ਕੋਈ ਨਾ ਕੋਈ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਤਬਦੀਲ ਕਰ ਦੇਹ।

ਉਸ ਪਾਪੀ ਸਿੱਖ ਗਿਆਨੀ ਸੋਭਾ ਸਿੰਘ ਨੇ ਬੀੜ ਸਾਹਿਬ ਰਾਗਮਾਲਾ ਤੋਂ ਬਿਨਾਂ ਲਿਖਵਾ ਕੇ ਤਿਆਰ ਕਰਕੇ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋ ਗਿਆ ਅਤੇ ਕਹਿਣ ਲੱਗਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਮਾਲਾ ਨਹੀਂ ਹੋਣੀ ਚਾਹੀਦੀ। ਉੱਥੇਂ ਮੌਜੂਦ ਸਿੱਖ ਸੰਗਤਾਂ ਬੜੀਆਂ ਹੈਰਾਨ ਹੋ ਗਈਆਂ ਅਤੇ ਮਨ ਨੂੰ ਬੜਾ ਦੁੱਖ ਵੀ ਲੱਗਾ। ਪ੍ਰੰਤੂ ਫੈਸਲਾ ਕੁੱਝ ਨਾ ਕਰ ਸਕੀਆਂ। ਅੰਦਰੋ ਅੰਦਰੀ ਬਹੁਤ ਦੁੱਖੀ ਸਨ। ਪੂਰੀ ਸੰਗਤ ਨੇ ਵਿਚਾਰ ਕੀਤਾ ਕਿ ਆਪਾਂ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਐ ਸਤਿਗੁਰ ਜੇਕਰ ਰਾਗ ਮਾਲਾ ਪੜਨੀ ਚਾਹੀਦੀ ਹੈ ਤਾਂ ਗਿਆਨੀ ਸੋਭਾ ਸਿੰਘ ਦੀ ਜਬਾਨ ਵਿੱਚ ਕੀੜੇ ਪੈ ਜਾਣ ਜੇ ਨਾ ਪਏ ਤਾਂ ਫਿਰ ਅਸੀਂ ਵੀ ਪੜ੍ਹਣੀ ਛੱਡ ਦੇਵਾਂਗੇ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਅਰਦਾਸ ਸੁਣੀ ਦੂਸਰੇ ਤੀਸਰੇ ਦਿਨ ਹੀ ਸੋਭਾ ਸਿੰਘ ਗਿਆਨੀ ਦੀ ਜਬਾਨ ਵਿੱਚ ਕੀੜੇ ਪੈ ਗਏ। ਬੜਾ ਤੜਪਨ ਲੱਗਾ ਅਤੇ ਸੰਗਤ ਵਿੱਚ ਆਪਣੀ ਗਲਤੀ ਦੀ ਮੁਆਫੀ ਮੰਗੀ ਅਤੇ ਸੰਗਤ ਨੇ ਅਰਦਾਸ ਕੀਤੀ ਉਸ ਦੀ ਜਬਾਨ ਵਿੱਚ ਕੀੜੇ ਖ਼ਤਮ ਹੋ ਗਏ। ਹੋਰ ਵੀ ਅਨੇਕਾਂ ਘਟਨਾ ਹਨ ਜੋ ਇਹ ਸਿੱਧ ਕਰਦੀਆਂ ਹਨ ਕਿ ਗੁਰੂ ਗ੍ਰੰਥ ਸਾਹਿਬ ਪ੍ਰਗਟ ਗੁਰਾਂ ਦੀ ਦੇਹ ਬੋਲਦੇ ਵੀ ਹਨ ਅਤੇ ਸੁਣਦੇ ਵੀ ਹਨ ਪ੍ਰੰਤੂ ਸੁਣਦੇ ਉਨ੍ਹਾਂ ਨੂੰ ਹਨ ਜਿਨ੍ਹਾਂ ਦਾ ਭਰੋਸਾ ਪੱਕਾ ਹੈ।

ਇੱਕ ਹੋਰ ਘਟਨਾ 1763 ਦੀ ਹੈ। ਜੱਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ ਸਨ, ਇੱਕ ਗਰੀਬ ਪੰਡਤ ਰੋਂਦਾ ਹੋਇਆ ਆਇਆ ਜਿਸ ਦੀ ਬੱਚੀ ਨਵ ਵਿਆਹੀ ਕਸੂਰ ਦਾ ਹਾਕਮ ਉਸਮਾਨ ਖਾਂ ਜਬਰਦਸਤੀ ਖੋਹ ਕੇ ਲੈ ਗਿਆ ਸੀ ਉਸ ਨੇ ਰੋ ਕੇ ਬੇਨਤੀ ਕੀਤੀ ਹੇ ਅਕਾਲ ਤਖਤ ਸਾਹਿਬ ਦੇ ਤਾਬੇ ਬੈਠੇ ਖਾਲਸਾ ਜੀ ਤੇਰੇ ਤੋਂ ਬਿਨਾਂ ਮੇਰੀ ਕੋਈ ਰੱਖਿਆ ਨਹੀਂ ਕਰ ਸਕਦਾ । ਮੇਰੀ ਗਰੀਬ ਦੀ ਬੇਟੀ ਅਤੇ ਇੱਜ਼ਤ ਖਾਲਸੇ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਬਚਾ ਸਕਦਾ। ਉਸਦੀ ਬੇਨਤੀ ਸੁਣ ਕੇ ਸਿੱਖ ਤਿਆਰ ਹੋ ਗਏ। ਪ੍ਰੰਤੂ ਸਿੱਖ ਗਿਣਤੀ ਵਿੱਚ ਬਹੁਤ ਘੱਟ ਸਨ। ਉਸ ਵੇਲੇ ਕਿਸੇ ਨੇ ਕਿਹਾ ਕਿ ਕੀ ਤੁਹਾਨੂੰ ਪਤਾ ਹੈ ਕਿ ਕਸੂਰ ਦੇ ਹਾਕਮ ਪਾਸ 12 ਕਿਲ੍ਹੇ ਹਨ, ਹਜ਼ਾਰਾਂ ਦੀ ਤਾਦਾਤ ਵਿੱਚ ਫੌਜ ਹੈ ਅਤੇ ਤੁਸੀਂ ਮੁੱਠੀ ਭਰ ਹੋ। ਇਹ ਸੁਣ ਕੇ ਜੱਥਾ ਦੁਬਿਧਾ ਵਿੱਚ ਪੈ ਗਿਆ। ਉਸ ਵੇਲੇ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਹਰੀ ਸਿੰਘ ਨੇ ਕਿਹਾ ਕਿ ਕਿਉਂ ਐਵੇਂ ਦੁਬਿਧਾ ਵਿੱਚ ਪਏ ਹੋ। ਆਪਣੇ ਪਾਸ ਜਾਹਿਰਾਂ ਗੁਰੂ ਹਾਜ਼ਰ ਹਨ। ਆਪਾਂ ਉਨ੍ਹਾਂ ਪਾਸੋਂ ਆਗਿਆ ਲੈ ਲੈਂਦੇ ਹਾਂ, ਜੋ ਹੁਕਮਨਾਮਾ ਆਵੇਗਾ ਉਸ ਮੁਤਾਬਕ ਚੱਲਾਂਗੇ। ਤਾਂ ਉਸ ਵੇਲੇ ਦੇਗ ਬਣਾਈ ਅਰਦਾਸ ਕਰਕੇ ਹੁਕਮਨਾਮਾ ਲਿਆ ਜਿਸਨੂੰ ਪੰਥ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਨੇ ਕਲਮ ਬੰਦ ਕੀਤਾ ਹੈ ।

ਲੇਹੁ ਦਰਬਾਰੇ ਗ੍ਰੰਥ ਆਵਾਜ਼, ਦੇਉਗ ਬਚਨ ਹੋਣ ਕਾਜ ਅਕਾਜ।

ਤਬ ਸਭ ਖਾਲਸੋ ਗਯੋ ਦ੍ਰਬਾਰ। ਹਾਥ ਜੋੜ ਸਭ ਇਕ ਮਨ ਧਾਰ।

ਤੀਜੈ ਵਾਕ ਜੁ ਕਰਨੈ ਹੋਈ, ਤੂੰ ਸਤਿਗੁਰ ਹਮ ਸਿੱਖ ਹੈ ਤੋਈ।

ਕਸੂਰ ਮਾਰਨ ਕੀ ਦੀਜੇ ਆਵਾਜ, ਹੈ ਜੋ ਕਰਨੇ ਸਿੱਖਨ ਕਾਜ।

ਹਾਥ ਜੋੜ ਸਭ ਸੰਗਤ ਖੜੀ, ਟੇਕ ਮਥੇ ਕਿਛ ਭੁਇ ਪਰ ਪੜੀ।
ਤੂੰ ਗ੍ਰੰਥ ਸਾਹਿਬ ਸੱਚੀ ਹੈ ਦੇਹ, ਸਿੱਖ ਸੰਗਤ ਕੋ ਸਚ ਵਾਕ ਦੇ।
ਚੱਕ ਪਤਰੇ ਜਬ ਗੁਰੂ ਗ੍ਰੰਥ ਕੋ ਦੇਖਾ, ਬਸੰਤ ਕੀ ਵਾਰ ਕੋ ਆਇਉ ਲੇਖਾ।

ਬਸੰਤ ਕੀ ਵਾਰ ਮਹਲਾ ੫ (ਪੰਨਾ 1193)

ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ।
ਕਰਮਿ ਲਿਖੰਤੈ ਪਾਈਐ, ਇਹ ਰੁਤਿ ਸੁਹਾਈ॥
ਵਣ, ਤ੍ਰਿਣੁ, ਤ੍ਰਿਭਵਣੁ ਮਉਲਿਆ, ਅੰਮ੍ਰਿਤ ਫਲੁ ਪਾਈ।
ਮਿਲਿ ਸਾਧੂ ਸੁਖੁ ਉਪਜੈ ਲਥੀ ਸਭ ਛਾਈ॥
ਨਾਨਕੁ ਸਿਮਰੈ ਏਕੁ ਨਾਮੁ, ਫਿਰਿ ਬਹੁੜਿ ਨ ਧਾਈ।
ਪੰਜੇ ਬਧੇ ਮਹਾਂਬਲੀ, ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ, ਵਿਚਿ ਦਯੁ ਖੜੋਆ।
ਰੋਗ ਸੋਗ ਸਭਿ ਮਿਟਿ ਗਏ, ਨਿਤ ਨਵਾਂ ਨਿਰੋਆ॥
ਦਿਨੁ ਰੈਣਿ ਨਾਮੁ ਧਿਆਇਦਾ, ਫਿਰਿ ਪਾਇ ਨ ਮੋਆ।
ਜਿਸ ਤੇ ਉਪਜਿਆ ਨਾਨਕਾ, ਸੋਈ ਫਿਰਿ ਹੋਆ॥

ਕਿ ਅੱਜ ਤੇਰੇ ਤੇ ਭਰੋਸਾ ਕਰਕੇ ਆਏ ਹਾਂ, ਤੇਰੇ ਬੱਚੇ ਕਸੂਰ ਦੇ ਬਾਦਸ਼ਾਹ ਤੇ ਚੜ੍ਹਾਈ ਕਰਨ ਚੱਲੇ ਹਨ। ਆਪ ਬੋਲ ਕੇ ਦੱਸੋ ਕਿ ਕੀ ਕਾਮਯਾਬੀ ਮਿਲੇਗੀ। ਉਸ ਵੇਲੇ ਜੋ ਹੁਕਮਨਾਮਾ ਆਇਆ ਮਹਾਰਾਜ ਜੀ ਬੋਲੇ ਕਿ

ਸ਼੍ਰੀ ਗੁਰੂ ਗ੍ਰੰਥ ਸਾਹਿਬ ਬੋਲੇ ਕਿ ਸਿੱਖੋ ਤੁਸੀਂ ਤੁਰੋ ਤਾਂ ਸਹੀ ਤੁਸੀਂ ਤਾਂ ਪੰਜਾਂ ਨੂੰ ਕਾਬੂ ਕਰਨ ਦੇ ਸਮਰਥ ਹੋ ਜੋ ਮਹਾਬਲੀ ਕਿਸੇ ਤੋਂ ਕਾਬੂ ਨਹੀਂ ਹੋਏ ਅਤੇ ਕਸੂਰ ਦਾ ਬਾਦਸ਼ਾਹ ਤਾਂ ਤੁਹਾਡੇ ਅੱਗੇ ਚੀਜ਼ ਹੀ ਕੋਈ ਨਹੀਂ। ਜਿਸ ਵੇਲੇ ਜੱਥਾ ਰਵਾਨਾ ਹੋਣ ਲੱਗਾ ਕਿਸੇ ਨੇ ਆਵਾਜ਼ ਮਾਰੀ ਕਿ ਭੋਲਿਓ ਕਿਉਂ ਐਵੇਂ ਜਾਨਾਂ ਗਵਾਉਣ ਚੱਲੇ ਹੋ। ਤੁਸੀਂ ਮੁੱਠੀ ਭਰ ਹੋ ਅਤੇ ਦੂਸਰੇ ਪਾਸੇ 12 ਕਿਲ੍ਹਿਆਂ ਅਤੇ ਹਜ਼ਾਰਾਂ ਗਿਣਤੀ ਵਿੱਚ ਫੌਜ ਹੈ। ਉਸ ਵੇਲੇ ਸਿੰਘਾਂ ਸਰਦਾਰਾਂ ਨੇ ਜਵਾਬ ਦਿੱਤਾ ਕਿ ਸਾਨੂੰ ਨਹੀਂ ਪਤਾ ਅਸੀਂ ਮੁੱਠੀ ਭਰ ਹਾਂ ਸਾਨੂੰ ਨਹੀਂ ਪਤਾ ਹਜ਼ਾਰਾਂ ਫੌਜਾਂ ਦਾ ਕਿਲਿਆਂ ਦਾ ਮਾਲਕ ਅਸਾਨੂੰ ਤਾਂ ਇਹ ਭਰੋਸਾ ਹੈ ਕਿ ਜੋ ਹੁਕਮ ਮੇਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਆਇਆ ਉਹ ਕਦੇ ਝੂਠ ਨਹੀਂ ਹੋ ਸਕਦਾ। ਇਹ ਵਾਕ ਸੱਚ ਹੋਇਆ ਕਿ ਜਦੋਂ ਮੁੱਠੀ ਭਰ ਖਾਲਸਾ 12 ਕਿਲਿਆਂ ਦੇ ਮਾਲਕ, ਹਜਾਰਾਂ ਫੌਜ ਵਾਲੇ ਹਾਕਮ ਪਾਸੋਂ ਨਵ ਵਿਆਹੀ ਬੱਚੀ ਨੂੰ ਛੁਡਾ ਕੇ ਅਕਾਲ ਤਖਤ ਸਾਹਿਬ ਉੱਪਰ ਹਾਜ਼ਰ ਹੋਏ।

ਉਪਰੋਕਤ ਇਤਿਹਾਸਿਕ ਗਵਾਹੀਆਂ ਅਤੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੇ ਲਏ ਗਏ ਹੁਕਮਨਾਮਿਆਂ ਨੂੰ ਸੁਣ ਕੇ ਭਰੋਸਾ ਬੱਝ ਜਾਂਦਾ ਹੈ ਕਿ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਵੀ ਹਨ ਤੇ ਸੁਣਦੇ ਵੀ ਹਨ। ਪ੍ਰੰਤੂ ਇਹ ਸੱਭ ਕੁੱਝ ਉਨ੍ਹਾਂ ਲਈ ਹੈ ਜਿਹੜੇ ਗੁਰਬਾਣੀ ਤੇ ਪੂਰਨ ਭਰੋਸਾ ਕਰਕੇ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਚੱਲਦੇ ਹਨ ।

# ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਮ੍ਰਯਾਦਾ ਕਦੋਂ ਅਤੇ ਕਿਵੇਂ ਚੱਲੀ

ਅਖੰਡ ਪਾਠ ਮ੍ਰਯਾਦਾ : ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਮਹਾਰਾਜ ਹਿੰਦ ਦੀ ਚਾਦਰ ਤਿਆਗ ਅਤੇ ਵੈਰਾਗ ਦੀ ਮੂਰਤ ਨੌਂਵੇਂ ਪਾਤਸ਼ਾਹ ਜਿਸ ਵੇਲੇ ਸੰਗਤਾਂ ਨੂੰ ਤਾਰਦੇ ਹੋਏ ਜਿਸ ਵਕਤ ਪਰਾਗਰਾਜ ਤ੍ਰਿਬੈਣੀ ਅਲਾਹਾਬਾਦ ਪਹੁੰਚੇ ਉਸ ਵੇਲੇ ਗੁਰੂ ਤੇਗ ਬਹਾਦੁਰ ਜੀ ਦੇ ਮਾਤਾ ਨਾਨਕੀ ਜੀ ਮਹਿਲ ਛੇਵੇਂ ਪਾਤਸ਼ਾਹ ਸ਼੍ਰੀ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਕਹਿਣ ਲੱਗੇ ਕਿ ਤੁਹਾਡੇ ਪਿਤਾ ਜੀ ਬਚਨ ਕਰਕੇ ਗਏ ਸਨ ਕਿ ਤੁਸੀਂ ਪੋਤਰੇ ਦਾ ਮੂੰਹ ਵੇਖੋਗੇ ਦਰਸ਼ਣ ਕਰੋਗੇ। ਗੁਰੂ ਤੇਗ ਬਹਾਦੁਰ ਜੀ ਆਪ ਜੀ ਦੀ ਉਮਰ 45 ਸਾਲ ਹੋ ਗਈ ਹੈ। ਹੁਣ ਤਾਈਂ ਮੈਂ ਪੋਤਰੇ ਦਾ ਮੂੰਹ ਨਹੀਂ ਵੇਖਿਆ।

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਮਾਤਾ ਜੀ ਇਹ ਤਾਂ ਵਾਹਿਗੁਰੂ ਦੇ ਵਸ ਹੈ। ਇਹ ਤਾਂ ਪ੍ਰਮੇਸ਼ਰ ਦੀਆਂ ਦਾਤਾਂ ਹਨ। ਜਦੋਂ ਪ੍ਰਮੇਸ਼ਰ ਨੂੰ ਭਾਇਆ ਬਖਸ਼ਣਗੇ। ਉਸ ਵਕਤ ਮਾਤਾ ਨਾਨਕੀ ਜੀ ਨੇ ਸਤਿਗੁਰੂ ਪਾਸ ਬੇਨਤੀ ਕੀਤੀ ਕਿ ਕੋਈ ਉਪਾਅ ਦੱਸੋ ਜਿਸ ਨਾਲ ਮੇਰੀ ਇੱਛਾ ਪੂਰਨ ਹੋਵੇ ਉਸ ਵਕਤ ਮਹਾਰਾਜ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਬਚਨ ਕੀਤਾ ਕਿ ਚੰਗਾ ਜੇਕਰ ਆਪ ਜੀ ਦੀ ਇੱਛਾ ਹੈ ਤਾਂ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਉ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨਾਲ ਸਨ। ਮਹਾਰਾਜ ਤੁਹਾਡੀ ਇੱਛਾ ਪੂਰੀ ਕਰਣਗੇ।

ਇਹ ਬਚਨ ਸੁਣਨ ਉਪਰੰਤ ਤ੍ਰਿਬੇਣੀ ਉੱਪਰ ਜਿੱਥੇ ਮਹਾਰਾਜ ਜੀ ਨਿਵਾਸ ਕਰਿਆ ਕਰਦੇ ਸਨ। ਉਸ ਜਗ੍ਹਾ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਵਾਇਆ ਗਿਆ। ਜਿਸ ਦੇ ਪੰਜ ਪਾਠੀ (1) ਭਾਈ ਮਤੀ ਦਾਸ ਜੀ (2) ਭਾਈ ਦਇਆਲਾ ਜੀ (3) ਭਾਈ ਗੁਰਬਖਸ਼ ਸਿੰਘ ਜੀ ਮਸੰਦ (4) ਬਾਬਾ ਗੁਰਦਿੱਤਾ ਜੀ ਜੋ ਬਾਬਾ ਬੁੱਢਾ ਜੀ ਦੇ ਛੇਵੇਂ ਥਾਂ ਸਨ (5) ਭਾਈ ਮਤੀ ਰਾਮ ਜੀ ਇਹ ਪੰਜੇ ਪਾਠੀ ਲੱਗੇ ਸਨ। ਜਿੰਨ੍ਹਾਂ ਤੋਂ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਪਹਿਲਾਂ ਅਖੰਡ ਪਾਠ ਕਰਵਾਇਆ। ਜਿਸ ਦੇ ਪ੍ਰਥਾਇ ਸ਼੍ਰੀ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਿੱਤਰਨਾਟਕ ਵਿਖੇ ਵਰਣਨ ਕੀਤਾ ਹੈ।

ਤਾਤ ਮਾਤ ਮੁਹਿ ਅਲਖ ਆਰਾਧਾ
ਬਹੁ ਬਿਧਿ ਜੋਗ ਸਾਧਨਾ ਸਾਧਾ
ਜਬ ਹੀ ਜਾਤ ਤ੍ਰਿਬੇਣੀ ਭਏ
ਪੁੰਨ ਦਾਨ ਕਰਤ ਦਿਨ ਬਤਏ
ਤਹੀ ਪ੍ਰਕਾਸ਼ ਹਮਾਰਾ ਭਯੋ
ਪਟਨਾ ਸ਼ਹਿਰ ਵਿਖੇ ਭਵ ਲਯੋ ॥

ਇਸ ਪ੍ਰਕਾਰ ਸ਼੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਜੀ ਨੇ ਸੱਭ ਤੋਂ ਪਹਿਲਾਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਮ੍ਰਯਾਦਾ ਤੋਰੀ ਹੈ। ਦੂਸਰਾ ਸ਼੍ਰੀ ਅਖੰਡ ਪਾਠ ਸਾਹਿਬ ਦੱਸਵੇਂ ਪਿਤਾ ਕਲਗੀਧਰ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਤੋਰੀ। ਸ਼੍ਰੀ ਦਮਦਮੇ ਸਾਹਿਬ ਵਿਖੇ ਜਿਸ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੰਠੋਂ ਉਚਾਰਣ ਕਰਕੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਇਆ ਸੀ। ਬੀੜ ਸਾਹਿਬ ਦੀ ਸੰਪੂਰਨਤਾ ਉਪਰੰਤ ਅਤੇ ਦੱਖਣ ਦੀ ਯਾਤਰਾ ਪ੍ਰਾਰੰਭ ਕਰਨ ਤੋਂ ਪਹਿਲਾਂ ਉਸ ਬੀੜ ਸਾਹਿਬ ਤੇ ਅਖੰਡ ਪਾਠ ਸਾਹਿਬ ਕਰਵਾਏ ਸਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੂਰਾ ਅਖੰਡ ਸਾਹਿਬ ਹਜ਼ੂਰ ਵਿੱਚ ਖੜ੍ਹੇ ਹੋ ਕੇ ਸ੍ਰਵਣ ਕੀਤਾ।

ਮਹਾਰਾਜ ਜੀ ਨੇ ਪੰਜ ਅਖੰਡ ਪਾਠੀ ਲਾਏ ਪੰਜ ਸ਼੍ਰੀ ਜਪੁਜੀ ਸਾਹਿਬ ਲਈ ਪੰਜ ਸਿੰਘ ਧੂਫੀਏ, ਪੰਜ ਪਹਿਰੇਦਾਰ ਅਤੇ ਪੰਜ ਹੀ ਲਾਂਗਰੀ ਲਗਾਏ। ਕੁੱਲ ਪੱਚੀ ਮੈਂਬਰਾਂ ਦੀ ਡਿਊਟੀ ਲਗਾ ਕੇ ਸ਼੍ਰੀ ਅਖੰਡ ਪਾਠ ਸਾਹਿਬ ਕਰਵਾਏ ਸਨ। ਆਪ ਜੀ ਨੇ ਪੂਰਾ ਪਾਠ ਖੜ੍ਹੋ ਕੇ ਹੀ ਸ੍ਰਵਣ ਕੀਤਾ ਅਤੇ ਆਪ ਖੜ੍ਹੇ ਹੀ ਆਪਣੇ ਉੱਪਰ ਜਲ ਪਵਾ ਕੇ ਇਸ਼ਨਾਨ ਕਰ ਲੈਂਦੇ ਸਨ।

ਦੂਸਰੀ ਵਾਰ ਮਰਯਾਦਾ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਈ ਸੀ। ਤੀਸਰਾ ਪਾਠ ਸ਼੍ਰੀ ਗੋਬਿੰਦ ਸਿੰਘ ਜੀ ਨੇ ਸ਼੍ਰੀ ਹਜ਼ੂਰ ਸਾਹਿਬ ਪਹੁੰਚਣ ਦੇ ਉਪਰੰਤ ਅਨੇਕਾਂ ਹੀ ਕੌਤਕ ਰਚੇ, ਅਨੇਕਾਂ ਹੀ ਅਸਥਾਨ ਪ੍ਰਗਟ ਕੀਤੇ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾਇਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਸੌਂਪਣ ਸਮੇਂ ਸ਼੍ਰੀ ਅਖੰਡ ਪਾਠ ਸਾਹਿਬ ਕਰਵਾਇਆ ਮ੍ਰਯਾਦਾ ਸਾਰੀ ਹੀ ਸ਼੍ਰੀ ਦਮਦਮਾ ਸਾਹਿਬ ਵਾਲੀ ਰੱਖੀ ਆਪ ਜੀ ਨੇ ਚਿੱਟਾ ਪੁਸ਼ਾਕਾ ਪਹਿਨ ਕੇ ਚੌਂਕੜਾ ਮਾਰ ਕੇ ਸੰਪੂਰਨ ਸ਼੍ਰੀ ਅਖੰਡ ਪਾਠ

ਸਾਹਿਬ ਸ੍ਰਵਣ ਕੀਤਾ । ਅਖੰਡ ਪਾਠ ਦੇ ਭੋਗ ਉਪਰੰਤ ਸ਼੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਪੰਜਾਂ ਸਿੰਘਾਂ (1) ਭਾਈ ਗੁਰਬਖਸ਼ ਸਿੰਘ (2) ਪਿਆਰੇ ਭਾਈ ਧਰਮ ਸਿੰਘ (3) ਬਾਬਾ ਦੀਪ ਸਿੰਘ ਜੀ ਸ਼ਹੀਦ (4) ਭਾਈ ਸੰਤੋਖ ਸਿੰਘ ਸੇਵਾਦਾਰ ਹਜ਼ੂਰ ਸਾਹਿਬ (5) ਭਾਈ ਹਰਿ ਸਿੰਘ ਜੀ ਇਨ੍ਹਾਂ ਪੰਜਾਂ ਸਿੰਘਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਖੜੇ ਕਰਕੇ ਪੰਜ ਪੈਸੇ ਨਾਰੀਅਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਰੱਖ ਕੇ ਮੱਥਾ ਟੇਕਿਆ ਪੰਜ ਪ੍ਰਕਰਮਾ ਕੀਤੀਆਂ। ਗੁਰਤਾ ਗੱਦੀ ਦਾ ਤਿਲਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾਇਆ ਤੇ ਆਗਿਆ ਕੀਤੀ :—

ਆਗਿਆ ਭਈ ਅਕਾਲ ਕੀ ਤਬੈ, ਚੁਲਾਯੋ ਪੰਥ
ਸੱਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਦੀ ਦੇਹ
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇ ਲੇਹ

ਗੁਰਤਾ ਗੱਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ੀ ਸਭ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਪਾਇਆ ਅਤੇ ਕੜਾਹ ਪ੍ਰਸਾਦ ਦੀ ਦੇਗ ਵਰਤਾ ਲੰਗਰ ਲਗਾ ਦਿੱਤਾ ਇਸ ਤਰ੍ਹਾਂ ਤੀਸਰੀ ਵਾਰ ਅਖੰਡ ਪਾਠ ਸਾਹਿਬ ਕੀਤੇ ਗਏ।

# ਸ਼੍ਰੀ ਸਹਿਜ ਪਾਠ ਅਤੇ ਸੰਪਟ ਪਾਠ ਦੀ ਪ੍ਰਯਾਦਾ ਕਦੋਂ ਅਤੇ ਕਿਵੇਂ ਚੱਲੀ

ਸਹਿਜ ਪਾਠ : ਛੇਵੇਂ ਪਾਤਸ਼ਾਹ ਬੰਦੀ ਛੋੜ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਸਾਹਿਬ ਸ਼੍ਰੀ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੀ ਨੇ ਸਹਿਜ ਪਾਠ ਦੀ ਮਰਯਾਦਾ ਤੋਰੀ ਹੈ। ਜਿਸ ਵੇਲੇ ਸ਼ਾਂਤੀ ਦੇ ਪੁੰਜ ਬਾਣੀ ਕੇ ਬੋਹਿਥ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਪਾ ਕੇ ਸੱਚ ਖੰਡ ਧਿਆਨਾ ਕੀਤਾ ਤਾਂ ਉਸ ਵੇਲੇ ਉਨ੍ਹਾਂ ਦੇ ਨਮਿੱਤ ਸ਼੍ਰੀ ਹਰਿਗੋਬਿੰਦ ਸਾਹਿਬ ਜੀ ਨੇ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਸਹਿਜ ਪਾਠ (ਮ੍ਰਿਤਕ ਪਾਠ) ਕਰਵਾਇਆ। ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਦੇਵ ਜੀ ਪਹਿਲਾ ਗ੍ਰੰਥੀ ਥਾਪ ਕੇ ਗਏ ਸਨ। ਉਸ ਪਾਸੋਂ 13 ਦਿਨ ਵਿੱਚ ਸਹਿਜ ਪਾਠ ਸ੍ਰਵਣ ਕੀਤਾ ਅਤੇ ਸਭ ਸੰਗਤਾਂ ਸ੍ਰਵਣ ਕਰਦੀਆਂ ਰਹੀਆਂ।

ਸਾਹਿਬ ਬੁਢੈ ਐਨ ਉਚਾਰਾ॥
ਜਗਤ ਰੀਤ ਗੁਰ ਕਰੋ ਸੁਧਾਰਾ॥
ਹਰਿਗੋਬਿੰਦ ਰੀਤ ਕਰਾਈ॥ ਗੁਰ ਗ੍ਰੰਥ ਕਾ ਪਾਠ ਧਰਾਈ॥
ਗੁਰੂ ਗ੍ਰੰਥ ਕੀ ਕੋਠੀ ਮਾਹੀ। ਸਾਹਿਬ ਬੁੱਢਾ ਪਾਠ ਸੁਨਾਹੀ॥
ਗੁਰੂ ਗ੍ਰੰਥ ਦੀ ਕੋਠੀ ਅਗੈ॥ ਲੱਗੈ ਦੀਵਾਨ ਅਧਿਕ ਰਸ ਪਾਗੇ॥
ਕਰਹ ਗੁਰਦਾਸ ਚਉਰਕਰ ਧਾਰਾ॥ ਸਾਹਿਬ ਬੁੱਢਾ ਪਾਠ ਉਚਾਰਾ॥
ਆਗੇ ਚੌਕੀ ਧਰ ਕੜਾਹ। ਗਾਵਤ ਰਾਗੀ ਸ਼ਬਦ ਉਮਾਹ॥
ਲੈ ਆਗਿਆ ਸਭ ਕੀ ਤਬ ਬੁਢੈ ਪਾਯੋ ਭੋਗ॥
ਰਾਗਮਾਲਾ ਪੜ ਪ੍ਰੇਮ ਲੋ, ਸੋ ਗ੍ਰੰਥ ਗੁਰੂ ਜੀ ਜੋਗ॥
ਸੱਭ ਸੰਗਤ ਨੇ ਸੀਸ ਝੁਕਾਯੋ॥
ਜ਼ਰੀ ਪੁਸ਼ਾਕ ਆਮੋਲਕ ਚੀਨੀ॥ ਸਾਹਿਬ ਬੁੱਢੇ ਕੋ ਗੁਰ ਦੀਨੀ॥

ਸੋ ਇਸ ਪ੍ਰਕਾਰ ਬਾਬਾ ਬੁੱਢਾ ਸਾਹਿਬ ਜੀ ਨੇ ਭੋਗ ਪਾ ਕੇ ਅਰਦਾਸ ਕਰਕੇ ਕੜਾਹ ਪ੍ਰਸਾਦ ਦੀ ਦੇਗ ਵਰਤਾਈ। ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਬਾਬੇ ਬੁੱਢੇ ਜੀ ਨੂੰ ਪਾਠ ਕਰਨ ਦੇ ਕਰਕੇ ਪੰਜ ਘੋੜੇ, ਇੱਕ ਹਾਥੀ, ਪੰਜ ਸੌ ਮੋਹਰ ਅਤੇ ਬਸਤਰ ਬਖਸ਼ਸ਼ ਕੀਤੇ। ਗ੍ਰੰਥੀ ਸਿੰਘ ਜਾਣ ਕੇ ਉਨ੍ਹਾਂ ਦੇ ਸਤਿਕਾਰ ਵਜੋਂ ਇਹ ਬਖਸ਼ਸ਼ ਕੀਤੀ। ਇਸ ਪ੍ਰਕਾਰ ਸ੍ਰੀ ਹਰਿਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਸਹਿਜ ਪਾਠ ਦੀ ਮ੍ਰਯਾਦਾ ਚਲਾਈ ਹੈ। ਜੋ ਅੱਜ ਤੱਕ ਉਸੇ ਤਰ੍ਹਾਂ ਹੀ ਚਲਦੀ ਆ ਰਹੀ ਹੈ।

ਉਸ ਦੇ ਉਪਰੰਤ ਦੂਸਰਾ ਸਹਿਜ ਪਾਠ ਮਾਤਾ ਗੰਗਾ ਜੀ ਜੋ ਛੇਵੇਂ ਪਾਤਸ਼ਾਹ ਜੀ ਦੇ ਮਾਤਾ ਅਤੇ ਪੰਜਵੇਂ ਪਾਤਸ਼ਾਹ ਦੇ ਮਹਿਲ ਸਨ। ਉਨ੍ਹਾਂ ਦੇ ਨਮਿੱਤ ਕਰਵਾਇਆ। ਇਹ ਪਾਠ ਭਾਈ ਗੁਰਦਾਸ ਜੀ ਦੇ ਪਾਸੋਂ ਕਰਵਾਇਆ ਗਿਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾਇਆ ਸੀ।

ਤੀਸਰਾ ਸਹਿਜ ਪਾਠ ਭਾਈ ਗੁਰਦਾਸ ਜੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜਦੋਂ ਉਹ ਮਹਾਰਾਜ ਜੀ ਦੇ ਚਰਨਾਂ ਵਿੱਚ ਲੀਨ ਹੋ ਗਏ ਸਨ। ਭਾਈ ਬਿਧੀ ਚੰਦ ਜੀ ਪਾਸੋਂ ਤੀਸਰਾ ਸਹਿਜ ਪਾਠ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਇਹ ਆਕਾਲ ਤਖਤ ਸਾਹਿਬ ਵਿਖੇ ਹੀ ਕਰਵਾਇਆ। ਚੌਥਾ ਸਹਿਜ ਪਾਠ ਬਾਬਾ ਬੁੱਢਾ ਜੀ ਜਦੋਂ ਸੱਚ ਖੰਡ ਗਮਨ ਕਰ ਗਏ ਸਨ। ਉਹਨਾਂ ਦੇ ਸਪੁੱਤਰ ਭਾਈ ਭਾਨਾਂ ਜੀ ਪਾਸੋਂ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾਇਆ ਇਹ ਪਾਠ ਵੀ ਭਾਈ  ਬਿਧੀ ਚੰਦ ਜੀ ਪਾਸੋਂ ਕਰਵਾਇਆ ਗਿਆ। ਕਿਉਂਕਿ ਪਹਿਲੇ ਪਾਠੀ ਬਾਬਾ ਬੁੱਢਾ ਜੀ ਸਨ, ਦੂਸਰੇ ਭਾਈ ਗੁਰਦਾਸ ਜੀ ਅਤੇ ਤੀਸਰੇ ਭਾਈ ਬਿਧੀ ਚੰਦ ਜੀ ਸਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜਪਾਠ ਦੀ ਮ੍ਰਯਾਦਾ ਗੁਰੂ ਹੋਰਿਗੋਬਿੰਦ ਸਾਹਿਬ ਜੀ ਤੋਂ ਚਲਦੀ ਆ ਰਹੀ ਹੈ।

ਸਤਿਗੁਰਾਂ ਨੇ ਬਚਨ ਕੀਤਾ ਕਿ ਕੜਾਹ ਪ੍ਰਸਾਦ ਕਰਕੇ ਪਾਠ ਪ੍ਰਾਰੰਭ ਕਰਨਾ ਹੈ ਅਤੇ ਨੌਵੇਂ ਪਾਤਸ਼ਾਹ ਦੇ ਸਲੋਕਾਂ ਤੋਂ ਪਹਿਲਾਂ ਦੇਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਹੁੰਚਣੀ ਚਾਹੀਦੀ ਹੈ। ਫਿਰ ਭੋਗ ਪਾਉਣਾ ਆਰੰਭ ਕਰਨਾ ਹੈ।

ਸਤਿਗੁਰਾਂ ਨੇ ਜੀਵ ਦੇ ਸਰੀਰ ਦੇ ਅੰਤ ਤੋਂ ਬਾਅਦ ਉਸਦੀ ਕਲਿਆਣ ਵਾਸਤੇ ਸਹਾਇਤਾ ਵਾਸਤੇ ਪਾਠ ਕਰਨ ਦੀ ਮ੍ਰਯਾਦਾ ਚਲਾਈ ਸੀ। ਪ੍ਰਾਣੀ ਦੇ ਸਰੀਰ ਤਿਆਗਣ ਤੇ ਉਸਦੀ ਦੇਹ ਦਾ ਅੰਤਮ ਸੰਸਕਾਰ ਕਰਕੇ ਪਾਠ ਪ੍ਰਾਰੰਭ ਕਰ ਦੇਣਾ ਚਾਹੀਦਾ ਹੈ। ਪਾਠ ਕਰਨ ਨਾਲ ਜੀਵ ਨੂੰ ਸਹਾਇਤਾ ਮਿਲਦੀ ਹੈ। ਪ੍ਰਾਣੀ ਦੀ ਆਤਮਾ ਸੁੱਖ ਨਾਲ ਸਚਖੰਡ ਪਹੁੰਚਦੀ ਹੈ। ਜੇਕਰ ਅੰਤਮ ਵਾਸ਼ਨਾਂ ਕਰਕੇ ਜੀਵ ਨੇ ਹੋਰ ਦੇਹ ਧਾਰ ਲਈ ਹੋਵੇ ਤਾਂ ਉਹ ਛੁੱਟ ਜਾਂਦੀ ਹੈ। ਪਾਠ ਕਰਨ ਨਾਲ ਜੀਵ ਸਚਖਡ ਨੂੰ ਚਲਾ ਜਾਂਦਾ ਹੈ।

ਜਿਸ ਦਿਨ ਪ੍ਰਾਣੀ ਨੇ ਸਰੀਰ ਤਿਆਗ ਲਿਆ ਹੈ। ਭਾਵ ਸੰਸਕਾਰ ਕੀਤਾ ਹੈ, ਉਸ ਦਿਨ ਸਮੇਤ 10ਵੇਂ ਦਿਨ ਭੋਗ ਪਾਵੋ ਮ੍ਰਿਤਕ ਪਾਠ ਦੇ ਭੋਗ ਸਮੇਂ ਸ੍ਰੀ ਜਪੁਜੀ ਸਾਹਿਬ ਨਹੀਂ ਪੜਨਾ ਰਾਮਕਲੀ ਸਦ ਪੜ ਕੇ ਭੋਗ ਪਾਇਆ ਜਾਵੇ ਮ੍ਰਿਤਕ ਸਹਿਜ ਪਾਠ ਦੇ ਭੋਗ ਪਾਉਣ ਦੀ ਦਸਵੇਂ ਦਿਨ ਦੀ ਮ੍ਰਯਾਦਾ ਦਸਵੇਂ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਜੀ ਨੇ ਕਾਇਮ ਕੀਤੀ। ਖਾਲਸੇ ਦਾ ਦਸ ਦਿਨ ਪਿਛੋਂ ਦੁਸਹਿਰਾ ਮਨਾਉਣ ਦਾ ਹੁਕਮ ਦਸ਼ਮ ਪਾਤਸ਼ਾਹ ਨੇ ਕੀਤਾ ਅਤੇ ਇਹ ਮ੍ਰਯਾਦਾ ਅੱਜ ਤੱਕ ਉਨ੍ਹਾਂ ਦੇ ਹੁਕਮ ਅਨੁਸਾਰ ਉਸੇ ਪ੍ਰਕਾਰ ਹੀ ਚੱਲ ਰਹੀ ਹੈ।

ਸ੍ਰੀ ਸੰਪਟ ਪਾਠ : ਸੰਪਟ ਨਾਮ ਡੱਬੇ ਦਾ ਹੈ। ਜਿਸ ਤਰ੍ਹਾਂ ਡੱਬੇ ਦੇ ਦੋ ਢੱਕਣ ਹੁੰਦੇ ਹਨ ਕੋਈ ਵੀ ਚੀਜ਼ ਡੱਬੇ ਵਿੱਚ ਬੰਦ ਕੀਤੀ ਜਾਂਦੀ ਹੈ। ਦੋ ਢੱਕਣਾਂ ਦੇ ਵਿਚਕਾਰ ਚੀਜ਼ ਬੰਦ ਹੋ ਜਾਂਦੀ ਹੈ। ਇਸ ਤਰ੍ਹਾਂ ਹਰ ਪੰਕਤੀ ਜਾਂ ਸ਼ਬਦ ਤੋਂ ਪਹਿਲਾਂ ਅਤੇ ਬਾਅਦ ਵਿੱਚ ਇਕ-ਇਕ ਦਫਾ ਸੰਪਟ ਪਾਠ ਲਾਇਆ ਜਾਂਦਾ ਹੈ। ਸੰਪਟ ਪਾਠ ਦੀ ਮ੍ਰਯਾਦਾ ਭਾਈ ਦਇਆ ਸਿੰਘ ਤੋਂ ਚਲੀ ਹੈ। ਜਿਤਨੀ ਵੀ ਸ੍ਰੀ ਅਖੰਡ ਪਾਠ ਸਾਹਿਬ, ਸ੍ਰੀ ਸਹਿਜ ਪਾਠ, ਸਪਤਾਹਿਕ ਪਾਠ ਜਾਂ ਮ੍ਰਿਤਕ ਪਾਠ, ਸੰਪਟ ਸ੍ਰੀ ਅਖੰਡ ਪਾਠ ਸਾਹਿਬ ਮ੍ਰਯਾਦਾ ਚਲਾਈ ਹੈ। ਇਹ ਸਾਰੀ ਗੁਰੂ ਸਾਹਿਬਾਨ ਜਾਂ ਉਸ ਸਮੇਂ ਦੇ ਮੁੱਖੀ ਗੁਰ ਸਿੱਖ ਗੁਰੂ ਪਿਆਰਿਆਂ ਨੇ ਸੰਸਾਰੀ ਜੀਵਾਂ ਦੇ ਕਲਿਆਣ ਵਾਸਤੇ ਬਣਾਈ ਹੋਈ ਹੈ। ਕਲਜੁੱਗ ਦਾ ਯੁੱਗ ਹੈ ਪਰ ਪਾਸੋਂ ਕੂੜ ਅਤੇ ਅਗਨ ਦਾ ਜੋਰ ਹੈ। ਇਸੇ ਕਰਕੇ ਜੀਵਾਂ ਦੇ ਨਾਂ ਚਾਹੁੰਦਿਆਂ, ਕੁਕਰਮ ਹੋ ਜਾਂਦੇ ਹਨ। ਸੋ ਇੰਨਾਂ ਕਰਮਾਂ ਦੀ ਨਵਿੱਤਰੀ ਲਈ ਅਤੇ ਦੁੱਖਾਂ, ਕਲੇਸ਼ਾਂ ਤੋਂ ਛੁੱਟਕਾਰਾ ਪਾਉਣ ਲਈ ਮਹਾਰਾਜ ਜੀ ਨੇ ਇਹ ਸਾਰੇ ਪਾਠ, ਨਿਯਮ, ਮ੍ਰਯਾਦਾ ਚਲਾਈ ਹੋਈ ਹੈ। ਤਾਂ ਕਿ ਕੋਈ ਵੀ ਸਿੱਖ

ਨਰਕਗਾਮੀ ਨਾ ਬਣੇ। ਹਮੇਸ਼ਾਂ ਗ੍ਰੰਥ ਅਤੇ ਪੰਥ ਚੜਦੀ ਕਲਾ ਵਿੱਚ ਵਿਚਰੇ। ਸਤਿਗੁਰਾਂ ਵਲੋਂ ਚਲਾਈ ਹੋਈ ਮ੍ਰਯਾਦਾ ਨੂੰ ਮਹਾਂਪੁਰਸ਼ਾਂ, ਸ਼ਿਰੋਮਣੀ ਸੰਤਾਂ, ਗੁਰਮੁੱਖ ਪਿਆਰਿਆਂ ਨੇ ਗਾਡੀ ਰਾਹ ਚਲਦੇ ਹੋਏ ਜੀਵਾਂ ਨੂੰ ਬਾਣੀ ਨਾਲ ਜੋੜਨ ਵਾਸਤੇ ਦੱਸੀ ਹੋਈ ਮਰਯਾਦਾ ਨੂੰ ਹੋਰ ਚਾਰ ਚੰਨ ਲਾ ਕੇ ਲੋਕ ਸੁਖੀਏ, ਪ੍ਰਲੋਕ ਸੁਹਲੇ ਕਰਨ ਲਈ ਯਤਨਸ਼ੀਲ ਹਨ। ਸੰਤਾਂ ਪੁਰਖਾਂ ਅਤੇ ਗੁਰਬਾਣੀ ਦਾ ਤਾਣੇ ਬਾਣੇ ਵਾਲਾ ਰਿਸ਼ਤਾ ਹੈ। ਪੂਰਨ ਸੰਤ, ਗੁਰਸਿੱਖ ਹਮੇਸ਼ਾ ਗੁਰਬਾਣੀ ਦੀ ਗੱਲ ਕਰੇਗਾ ਅਤੇ ਗੁਰਬਾਣੀ ਨਾਲ ਜੋੜੇਗਾ। ਸੰਤ ਗੁਰਬਾਣੀ ਨਾਲ ਜੋੜਦੇ ਹਨ ਅਤੇ ਗੁਰਬਾਣੀ ਸੰਤਾਂ ਵੱਲ ਪ੍ਰੇਰਨਾਂ ਦਿੰਦੀ ਹੈ। ਦਸ ਗੁਰੂਆਂ ਦੀ ਚਲਾਈ ਹੋਈ ਮ੍ਰਯਾਦਾ ਨੂੰ ਅੱਗੇ ਤੋਰਨ ਲਈ ਅਤੇ ਸੰਸਾਰੀ ਜੀਵਾਂ ਨੂੰ ਬਾਣੀ ਨਾਲ ਜੋੜਨ ਵਾਸਤੇ ਹਮੇਸ਼ਾ ਹੀ ਯਤਨਸ਼ੀਲ ਉਪਰਾਲੇ ਕੀਤੇ ਅਤੇ ਕਰ ਰਹੇ ਹਨ ।

# ਪਾਠ ਕਰਨ ਦੇ ਨਿਯਮ,
# ਗੁਰਬਾਣੀ ਅਦਬ ਅਤੇ ਪਾਠਾਂ ਲਈ ਸਮੱਗਰੀ

ਜਿੱਥੇ ਸਤਿਗੁਰਾਂ ਨੇ ਸੰਸਾਰ ਕਾਰਜ ਸਿੱਧ ਕਰਨ ਵਾਸਤੇ ਗੁਰਮਤਿ ਸੰਸਕਾਰ ਬਖ਼ਸ਼ੇ ਹਨ ਉੱਥੇ ਦੁੱਖਾਂ, ਪਾਪਾਂ, ਵਿਘਨਾਂ, ਕਲੇਸ਼ਾਂ ਆਦਿ ਦੀ ਨਵਿਤਰੀ ਵਾਸਤੇ ਅਤੇ ਸੁੱਖਾਂ, ਸ਼ੁਭ ਗੁਣਾਂ ਅਤੇ ਮੁਕਤੀ ਦੀ ਪ੍ਰਾਪਤੀ ਵਾਸਤੇ ਪਾਠਾਂ ਦੀ ਮ੍ਰਯਾਦਾ ਵੀ ਚਲਾਉਣੀ ਕੀਤੀ ਹੈ। ਜੋ ਹਰ ਕਾਰਜ ਦੇ ਪ੍ਰਾਰੰਭ ਤੋਂ ਵੀ ਕੀਤੇ ਜਾਂਦੇ ਹਨ ਅਤੇ ਖ਼ੁਸ਼ੀ ਨਾਲ ਵੀ।

(੧) ਪਾਠ : ਸਤਿਗੁਰਾਂ ਦੇ ਸਿੱਖੀ ਪੰਥ ਵਿੱਚ ਅਨੇਕ ਵਿਧੀਆਂ ਦੇ ਪਾਠ ਦੀ ਮ੍ਰਯਾਦਾ ਹੈ, ਜੋ ਸਤਿਗੁਰਾਂ ਅਤੇ ਮਹਾਰਾਜ ਜੀ ਦੇ ਨਿਕਟ ਵਰਤੀ ਸਿੰਘਾਂ ਨੇ ਚਲਾਈਆਂ, ਉਹ ਇਹ ਹਨ।

1. ਸ਼੍ਰੀ ਅਖੰਡ ਪਾਠ
2. ਮ੍ਰਿਤਕ, ਸਪਤਾਹ ਪਾਠ
3. ਸੰਪਟ ਪਾਠ

## ਪਾਠ ਕਰਨ ਦੇ ਨਿਯਮ, ਅਦਬ

ਪਾਠੀ ਸਿੰਘ : ਖੰਡੇ ਦਾ ਅੰਮ੍ਰਿਤ ਛਕਿਆ ਹੋਵੇ। ਬਾਣੀ ਦੇ ਨਿਤਨੇਮੀ ਹੋਣ। ਪੰਜ ਕਕਾਰਾਂ ਦੀ ਰਹਿਤ ਰੱਖਦੇ ਹੋਣ। ਕੁਰਹਿਤਾਂ ਤੋਂ ਬੱਚੇ ਹੋਣ। ਜੂਠ, ਝੂਠ ਤੋਂ ਬਚੇ ਹੋਣ। ਨਾਮ ਦਾਨ ਇਸ਼ਨਾਨ ਤੇ ਨਿਤਨੇਮੀ ਹੋਣ। ਸਤ ਸੰਤੋਖ ਆਦਿ ਵਾਲੇ ਹੋਣ। ਸਤਿਗੁਰਾਂ ਦੇ ਭਰੋਸੇ, ਸ਼ਰਧਾ, ਪ੍ਰਤੀਤ ਵਾਲੇ ਹੋਣ। ਕਾਮ ਆਦਿ ਵਿਕਾਰਾਂ ਤੋਂ ਬਚੇ ਹੋਣ। ਅਮਲੀ ਨਾ ਹੋਣ। ਕਿਸੇ ਕੀ ਅਮਲ ਦੇ ਵਰਤਣ ਵਾਲੇ ਨਾ ਹੋਣ। ਜੁਆਰੀ ਨਾ ਹੋਣ। ਕੱਚਾ ਗੰਢਾ ਤੇ ਲਸਣ ਕਦੇ ਨਾ ਖਾਵੇ।

ਪਾਠ—ਪਾਠੀ ਸਿੰਘ ਨੂੰ ਕੇਸ਼ੀ ਇਸ਼ਨਾਨ ਕਰਨਾ ਚਾਹੀਦਾ ਹੈ। ਸ਼ੌਚ ਜਾ ਕੇ ਇਸ਼ਨਾਨ ਕਰੇ, ਹਜ਼ੂਰੀ ਵਿੱਚ ਜਾਣ ਲਗਿਆਂ ਸਾਫ਼ ਪਾਣੀ ਨਾਲ ਪੰਜ ਇਸ਼ਨਾਨਾਂ (ਗੋਡਿਆਂ ਤੱਕ) ਕਰੇ, ਚੁਲਾ ਆਦਿ ਕਰੋ। ਸੁਤਾ ਉੱਠੇ ਤਾਂ ਇਸ਼ਨਾਨ ਕਰਕੇ ਪਾਠ ਕਰਨ ਬੈਠੇ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਲਈ ਨਿਯਮ :—

(੧) ਗੁਰਦੁਆਰੇ ਤੇ ਮਹਾਰਾਜ ਜੀ ਦੇ ਪ੍ਰਕਾਸ਼ ਅਸਥਾਨ ਤੇ ਹਰ ਜਗ੍ਹਾ ਦੋਵੇਂ ਵਕਤ ਧੂਪ ਧੁਖਾਉਣੀ।

(੨) ਗੁਰਦੁਆਰੇ ਵਿੱਚ ਮਹਾਰਾਜ ਜੀ ਦੇ ਹਜ਼ੂਰ ਰਾਤ ਨੂੰ ਘਿਉ ਦੀ ਜੋਤ ਜਗਾਉਣੀ।

(੩) ਅਖੰਡ ਪਾਠ ਸਮੇਂ ਧੂਪੀਏ ਹਰ ਵਕਤ ਬੈਠੇ ਰਹਿਣਾ, ਧੂਪ ਜਗਾਉਣ ਤੇ ਮੂਲ ਮੰਤ੍ਰ ਦਾ ਪਾਠ ਕਰਦੇ ਰਹਿਣ।

(੪) ਮਹਾਰਾਜ ਜੀ ਦੇ ਹਜ਼ੂਰ ਫ਼ੁੱਲ ਚੜ੍ਹਾਉਣੇ ਚਾਹੀਦੇ ਹਨ, ਤੇ ਖ਼ੁਸ਼ਬੋ ਛਿੜਕੋ।

(੫) ਮਹਾਰਾਜ ਜੀ ਦੇ ਕਮਰੇ ਵਿੱਚ ਗੱਲਾਂ ਦਾ ਸੰਕੋਚ ਹੋਵੇ, ਹਰ ਪ੍ਰਕਾਰ ਦੇ ਅਖੰਡ ਪਾਠ ਨਾਲ ਜਪੁਜੀ ਸਾਹਿਬ ਦਾ ਪਾਠ ਜਾਰੀ ਰੱਖਣਾ।

(੬) ਜਪੁਜੀ ਸਾਹਿਬ ਖਾਸ ਕਰਕੇ ਖੱਬੇ ਪਾਸੇ ਰੱਖਣਾ, ਜਿਸ ਪਾਸੇ ਮਹਾਰਾਜ ਜੀ ਦੇ ਜਪੁਜੀ ਸਾਹਿਬ ਲਿਖਿਆ ਹੁੰਦਾ ਹੈ। ਜੇ ਖਾਸ ਵਜ੍ਹਾ ਕਰਕੇ ਨਾ ਹੋ ਸਕੇ ਤਾਂ ਦੂਜੇ ਪਾਸੇ ਵੀ ਰੱਖਿਆ ਜਾ ਸਕਦਾ ਹੈ।

(੭) ਹਰ ਪਾਠ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ, ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਕਰਨਾ ਚਾਹੀਦਾ ਹੈ।

(੮) ਭੋਗ ਪਾਉਣ ਵਕਤ ਤੇ ਅਰਦਾਸ ਵਕਤ ਮਹਾਰਾਜ ਜੀ ਦੇ ਉੱਤੇ ਚੌਰ ਹੁੰਦਾ ਰਹੇ। ਖੜ੍ਹੇ ਹੋ ਕੇ ਸਾਰਿਆਂ ਨੇ ਅਰਦਾਸ ਸੁਣਨੀ, ਇਕ ਸਿੰਘ ਨੇ ਕਰਨੀ ਹੈ।

(੯) ਹਰ ਪਾਠ ਦੇ ਭੋਗ ਤੇ ਮਹਾਰਾਜ ਜੀ ਦੀ ਭੇਟਾ ਸੁੰਦਰ ਰੁਮਾਲਾ (ਪੁਸ਼ਾਕਾ) ਕਰੋ।

(੧੦) ਹਰ ਪਾਠ ਦੇ ਆਦਿ, ਮਧ, ਅੰਤ ਕੜਾਹ ਕਰਨਾ। ਸਿਰਫ ਸਹਿਜ ਪਾਠ ਤੇ ਮ੍ਰਿਤਕ ਪਾਠ ਦੇ ਮੱਧ ਵਿਚ ਨਹੀਂ ਕੀਤਾ ਜਾਂਦਾ।

(੧੧) ਪਾਠ ਦੇ ਆਰੰਭ ਵਕਤ ਅਤੇ ਭੋਗ ਪੈਣ ਤੋਂ ਬਾਦ ਕੀਰਤਨ ਹੋਵੇ।

(੧੨) ਸੰਪਟ ਅਖੰਡ ਪਾਠ ਤੇ ਕੜਾਹ ਪ੍ਰਸਾਦਿ ਰੋਜ ਕਰਨਾ ਤੇ ਸਾਧਾਰਨ ਸੰਪਟ ਤੇ ਆਰੰਭ, ਮੱਧ ਅਤੇ ਭੋਗ ਸਮੇਂ ਤਿੰਨ ਵਾਰੀ ਹੋ ਸਕਦੀ ਹੈ।

(੧੩) ਹਰ ਇੱਕ ਪਾਠ ਉੱਚੀ ਸੁਰ ਨਾਲ ਪੜਨਾ। ਭਾਵ ਬੋਲ ਕੇ ਕਰਨਾ ਹੈ।

(੧੪) ਹਰ ਪਾਠ ਤੇ ਕੁੰਭ, ਧੂਪ, ਨਾਰੀਅਲ, ਜੋਤ, ਫੁੱਲ ਆਦਿ ਜ਼ਰੂਰ ਰੱਖਣੇ।

(੧੫) ਕੜਾਹ ਪ੍ਰਸ਼ਾਦਿ ਮਹਾਰਾਜ ਜੀ ਦੇ ਸਾਹਮਣੇ ਸੱਜੇ ਹੱਥ ਰੱਖਣਾ ਤੇ ਸੰਪੂਰਨ ਅਨੰਦ ਸਾਹਿਬ ਪਾਠ ਕਰਨਾ।

(੧੬) ਦੇਗ ਠੰਡੀ ਕਰ ਕੇ ਭੋਗ ਲਾਉਣਾ, ਗਰਮ ਪ੍ਰਸ਼ਾਦ ਨੂੰ ਭੋਗ ਨਹੀਂ ਲਾਉਣਾ।

(੧੭) ਭੋਗ ਪੌਣਾ ਸ਼ੁਰੂ ਕਰਨ ਤੇ ਅਰਦਾਸ ਕਰਨ ਵਕਤ ਕੜਾਹ ਪ੍ਰਸ਼ਾਦਿ ਤੇ ਰੁਮਾਲਾ ਪਾ ਦੇਣਾ, ਪ੍ਰਸ਼ਾਦਿ ਦੇ ਤਾਬਿਆ ਮੂਲ ਮੰਤ੍ਰ ਪੜ੍ਹਦੇ ਰਹਿਣਾ।

(੧੯) ਮਹਾਰਾਜ ਜੀ ਦੇ ਪ੍ਰਕਾਸ਼ ਵਾਲੀ ਥਾਂ ਪੱਕੀ ਹੋਵੇ ਤਾਂ ਇਸ਼ਨਾਨ ਕਰਾਇਆ ਜਾਵੇ ਜੇ ਕੱਚੀ ਜੱਗ੍ਹਾ ਹੋਵੇ ਤਾਂ ਮਿੱਟੀ ਦਾ ਪੋਚਾ ਫੇਰਿਆ ਜਾਏ। ਗੋਹਾ ਕਿਤੇ ਨਹੀਂ ਵਰਤਣਾ। ਫਿਰ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ ਜਾਵੇ। ਦੀਵਾ ਦੇਸੀ ਘੀ ਦਾ ਜਗਾਉਣਾ, ਫੱਲ ਚੜ੍ਹਾਉਣਾ, ਕਿਉੜਾ ਛਿੜਕਾਉਣਾ।

(੧੯) ਮਹਾਰਾਜ ਜੀ ਦਾ ਕਮਰਾ, ਬਸਤ੍ਰਾਂ ਕਰਕੇ ਸਜਾ ਕੇ ਰੱਖਣਾ, ਸਫਾਈ ਰਖਣੀ।

(੨੦) ਪਾਠ ਕਰਨ ਦਾ ਵਕਤ ਸਦਾ ਮੰਜੀ ਸਾਹਿਬ ਤੋਂ ਪਿੱਛੇ ਬੈਠੋ, ਮੰਜੀ ਸਾਹਿਬ ਜੀ ਦੇ ਥੱਲੇ ਪੈਰ ਨਾ ਹੋਣ ਉੱਤੇ ਕੁਹਣੀਆਂ (ਅਰਕਾਂ) ਆਦਿ ਨਾ ਰੱਖ ਕੇ ਬੈਠੋ। ਪੱਤਰਿਆਂ ਤੇ ਹੱਥ ਨਾ ਰੱਖੋ ਲੋੜ ਪਏ ਤਾਂ ਰੁਮਾਲਾ ਰੱਖ ਲੈਣਾ। ਪੱਤਰ ਸਦਾ ਸਜੇ ਹੱਥ ਨਾਲ ਉਪਰਲੇ ਪਾਸੇ ਤੋਂ ਉਲਟਾਉਣਾ।

(੨੧) ਮਹਾਰਾਜ ਜੀ ਦੀ ਬਾਣੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਪੋਥੀਆਂ ਆਦਿ ਲਿਖ ਕੇ ਮੁਫ਼ਤ ਸੇਵਾ ਕਰਨੀ, ਗੁਰਪੁਰੀ ਦੀ ਪ੍ਰਾਪਤੀ ਹੁੰਦੀ ਹੈ।

(੨੨) ਅਖੰਡ ਪਾਠ ੧੬ ਪਹਿਰਾਂ ਦੇ ਅੰਦਰ ਕਰਨਾ ਹੈ, ਮ੍ਰਿਤਕ ਪਾਠ ਦਸਵੇਂ ਦਿਨ ਹੀ, ਸਪਤਾਹਕ ਪਾਠ ਦਾ ਸਤਵੇਂ ਦਿਨ ਭੋਗ ਪਾਉਣਾ ਬਾਕੀ ਜਦੋਂ ਖੁਸ਼ੀ ਹੋਵੇ ਭੋਗ ਪਾਉਣਾ।

(੨੩) ਹਰ ਇੱਕ ਪਾਠ ਰੱਖਣ ਵਾਸਤੇ ਜਗ੍ਹਾ ਸਾਫ਼ ਹੋਵੇ, ਲੇਪ ਮਿੱਟੀ ਦਾ ਕਰਨਾ ਜੇ ਪੱਕਾ ਹੋਵੇ ਤਾਂ ਧੋਣਾ, ਥਾਂ ਖੁਲੀ ਹੋਵੇ ਜਿੱਥੇ ਤਾਜੀ ਹਵਾ ਅਤੇ ਰੋਸ਼ਨੀ ਆ ਸਕੇ।

(੨੪) ਪਾਠ ਆਰੰਭ ਕਰਨ ਵਕਤ ਅਰਦਾਸ ਸਮੇਂ ਅਤੇ ਭੋਗ ਦੀ ਅਰਦਾਸ ਸਮੇਂ ਸਾਰੇ ਪਾਠੀ ਹਾਜ਼ਰ ਹੋਣ।

(੨੫) ਪਹਿਲਾ ਹੁਕਮਨਾਮਾ ਲੈ ਕੇ ਅਨੰਦ ਸਾਹਿਬ ਜੀ ਦਾ ਪਾਠ ਕਰਕੇ ਅਰਦਾਸ ਕਰਨੀ।

(੨੬) ਮੱਧ ਦੀ ਅਰਦਾਸ ਪੰਨਾ 704 ਤੇ ਜੈਤਸਰੀ ਵਾਰ ਦੇ ਆਰੰਭ ਸਮੇਂ ਆਰੰਭ ਕਰਨੀ, ਫਿਰ ਭੋਗ ਪਾ ਕੇ 'ਅਠਾਰਹ ਦਸ ਬੀਸ' ਮਗਰੋਂ ਜਪੁਜੀ ਸਾਹਿਬ ਦਾ ਪਾਠ ਕਰਕੇ ਫਿਰ ਅਰਦਾਸ ਕਰਕੇ ਫਤਹ ਬੁਲਾਉਣੀ ਤੇ ਫਿਰ ਹੁਕਮ ਲੈ ਕੇ ਦੇਗ ਵਰਤਾਉਣੀ।

(੨੭) ਜਦੋਂ ਵੀ ਤਾਬਿਆ ਜਾਣਾ ਹੈ ਸਹਿਜ ਪਾਠ ਹੋਵੇ, ਚਾਹੇ ਅਖੰਡ ਪਾਠ ਹੋਵੇ, ਤਾਂ ਪੰਜ ਇਸ਼ਨਾਨਾ ਗੋਡਿਆਂ ਤੱਕ ਕਰ ਕੇ ਜਾਣਾ ਤੇ ਜੰਗਲ (ਮੈਦਾਨ) ਗਿਆ ਹੋਵੇ ਤਾਂ ਕੇਸ਼ੀਂ ਇਸ਼ਨਾਨ ਕਰਕੇ ਸਤਿਗੁਰਾਂ ਦੀ ਤਾਬਿਆ ਜਾਣਾ ਹੈ।

(੨੮) ਇਸ਼ਨਾਨ ਕਰੇ ਤੋਂ ਬਿਨਾਂ ਤੋਂ ਜੋੜੇ ਵਾਲੇ ਚਰਨ ਧੋਤੇ ਤੋਂ ਬਿਨਾਂ ਕਦੀ ਵੀ ਗੁਰੂ ਮਹਾਰਾਜ ਜੀ ਦੀ ਤਾਬਿਆ ਨਹੀਂ ਬੈਠਣਾ ਚਾਹੀਦਾ।

(੩੦) ਜੁਰਾਬਾਂ, ਦਸਤਾਨਿਆਂ ਆਦਿ ਸਹਿਤ ਨਹੀਂ ਬੈਠਣਾ ਚਾਹੀਦਾ।

(੩੧) ਤਾਬਿਆ ਬੈਠਿਆਂ ਮੁੱਖ, ਮੁੱਛਾਂ ਆਦਿਕ ਨੂੰ ਹੱਥ ਲਾ ਕੇ ਜਾਂ ਖਾਰਸ ਵਗੈਰਾ ਕਰਕੇ ਗੁਰੂ ਮਹਾਰਾਜ ਜੀ ਦੇ ਸਰੂਪ ਨੂੰ ਹੱਥ ਨਹੀਂ ਲਾਉਣਾ ਚਾਹੀਦਾ।

(੩੨) ਬਸਤਰ ਹੱਥ ਵਿੱਚ ਲੈ ਕੇ ਸਫ਼ਾਈ ਕਰੋ । ਤਾਬਿਆ ਬੈਠਾ ਇਲਾਚੀ ਆਦਿ ਨਾ ਖਾਏ।

(੩੩) ਜਿਸ ਕਮਰੇ ਵਿੱਚ ਮਹਾਰਾਜ ਜੀ ਹੋਣ ਉੱਥੇ ਮੰਜਾ ਆਦਿਕ ਨਹੀਂ ਡਾਹੁਣਾ ਚਾਹੀਦਾ, ਭੂਮ ਆਸਣ ਬੈਠੋ।

(੩੪) ਸਰੀਰ ਦੀ ਅਪਵਿੱਤ੍ਰਤਾ (ਸੁਪਨ ਦੋਸ਼ ਆਦਿ) ਵੇਲੇ ਸਣੇ । ਕੇਸ਼ੀ ਇਸ਼ਨਾਨ ਕਰੇ, ਧੋਤੇ ਹੋਏ ਬਸਤ੍ਰ ਪਹਿਨੋ, ਅਰਦਾਸ ਕਰਕੇ, ਜਪੁਜੀ ਸਾਹਿਬ ਜੀ ਦਾ ਪਾਠ ਕਰਕੇ ਤਾਬਿਆ ਜਾਵੋ।

(੩੫) ਮਹਾਰਾਜ ਜੀ ਦੇ ਸਰੂਪ ਵਿੱਚ ਕਾਗਜ਼ ਤਾਗੇ ਆਦਿ ਦੀ ਨਿਸ਼ਾਨੀ ਨਾ ਰੱਖੋ। ਦਸ ਗੁਰੂ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਬਿਰਾਜ ਰਹੇ ਹਨ । ਇਉਂ ਭਾਵਨਾ ਕਰ ਕੇ ਬਾਨੀ ਦੀ ਆਗਿਆ ਮੰਨੋ।

(੩੬) ਪੱਤਰਿਆਂ ਨੂੰ ਗਿੱਲੇ ਜਾਂ ਥਿੰਧੇ ਹੱਥ ਨਾ ਲਾਵੋ, ਪੱਤਰੇ ਤੇ ਕੋਈ ਦਾਗ ਨਾ ਪਏ, ਹਵਾ ਆਦਿਕ ਤੇਜ ਵਗੇ ਤਾਂ ਰੁਮਾਲਾ ਉਪਰ ਰੱਖ ਕੇ ਪੱਤਰੇ ਫੜੋ, ਬਿਨਾਂ ਰੁਮਾਲੇ ਤੋਂ ਹੱਥ ਉੱਪਰ ਨਾ ਰੱਖੋ।

(੩੭) ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਚੰਦੋਏ (ਚਾਨਣੀ) ਤੋਂ ਬਿਨਾਂ ਕਦੇ ਵੀ ਪ੍ਰਕਾਸ਼ ਨਹੀਂ ਕਰਨੇ।

(੩੯) ਪਾਠ ਕਰਨ ਸਮੇਂ ਮੂੰਹ ਅਗੇ ਕੱਪੜਾ ਰਖਣਾ ਜਾਂ ਮੂੰਹ ਕਪੜੇ ਨਾਲ ਬੰਨ੍ਹ ਕੇ ਬੈਠਣਾ ਤਾਂ ਕੇ ਬੋਲਣ ਜਾਂ ਖਾਂਸੀ ਕਰਨ ਸਮੇਂ ਥੁੱਕ ਪੰਨਿਆਂ ਉੱਪਰ ਨਾ ਪਵੇ।

ਕੜਾਹ ਪ੍ਰਸ਼ਾਦਿ—ਕੜ੍ਹਾਹ ਪ੍ਰਸ਼ਾਦਿ ਗੁਰੂ ਘਰ ਵਿੱਚ ਅੰਮ੍ਰਿਤ ਰੂਪ ਕਰ ਕੇ ਮੰਨਿਆ ਗਿਆ ਹੈ। ਮਹਾਰਾਜ ਜੀ ਦਾ ਹੁਕਮ ਹੈ ਕਿ ਤ੍ਰਿਭਾਵਲੀ ਕੜਾਹ ਪ੍ਰਸ਼ਾਦਿ ਕਰਕੇ ਭੋਗ ਲਵਾਇਆ ਜਾਏ। ਕੜਾਹ ਪ੍ਰਸ਼ਾਦਿ ਦੀ ਮ੍ਰਯਾਦਾ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਕੀਤੀ ਹੈ।

ਇਕ ਵਾਰ ਸਾਰੇ ਸਿੱਧ ਬ੍ਰਿਧ ਰੂਪ ਧਾਰ ਕੇ, ਬਿਨਾਂ ਦੰਦਾਂ ਤੋਂ ਹੋ ਕੇ ਬੈਠ ਗਏ ਤੇ ਕਹਿਣ ਲੱਗੇ—ਮਹਾਰਾਜ ਜੀ! ਅਸੀਂ ਦੰਦਾਂ ਤੋਂ ਹੀਣ ਹੋਣ ਕਰਕੇ ਸਖਤ ਚੀਜ਼ ਖਾ ਨਹੀਂ ਸਕਦੇ ਤੇ ਭੁੱਖ ਵੀ ਨਹੀਂ ਲੱਗੀ ਹੈ ਸੋ ਕਿਰਪਾ ਕਰਕੇ ਕੁਛ ਛਕਾਉ। ਤਾਂ ਮਹਾਰਾਜ ਜੀ ਨੇ ਘਿਉ, ਮੈਦਾ ਖੰਡ ਤਿੰਨੇ ਬਰਾਬਰ ਲੈ ਕੇ ਕੜਾਵ ਪ੍ਰਸਾਦਿ ਤਿਆਰ ਕਰਕੇ ਖੁਆਇਆ ਤੇ ਸਿੱਖਾਂ ਤਾਈਂ ਹੁਕਮ ਕੀਤਾ ਕਿ ਸਾਨੂੰ ਤਿੰਨ ਮੇਲ ਦਾ ਪੰਚਾਮ੍ਰਿਤ ਪ੍ਰਵਾਨ ਹੋਇਆ ਕਰੇਗਾ। ਇਸ ਵਾਸਤੇ ਤਿਰਭਾਵਲੀ ਬਣਾ ਕੇ ਭੋਗ ਲਗਾਇਆ ਕਰੋ। ਜਿਵੇਂ ਅਕਾਲ ਪੁਰਖ ਸਭ ਤੋਂ ਉਤਮ ਹਨ। ਜਿਵੇਂ ਉਹਨਾਂ ਦੀ ਬਾਣੀ ਸਭ ਤੋਂ ਸ਼ਿਰੋਮਣੀ ਹੈ। ਉਵੇਂ ਹੀ ਇਹ ਕੜਾਵ ਪ੍ਰਸ਼ਾਦਿ ਵੀ ਸਭ ਤੋਂ ਉਤਮ ਤੇ ਅੰਮ੍ਰਿਤ ਰੂਪ ਹੈ।

ਬਣਾਉਣ ਦਾ ਤਰੀਕਾ—ਕੜਾਵ ਪ੍ਰਸ਼ਾਦਿ ਕਰਨ ਵਾਲਾ ਸਿੰਘ ਰਹਿਤ ਵਾਲਾ ਹੋਵੇ। ਜੋ ਪੰਜ ਕਕਾਰ ਦਾ ਧਾਰਨੀ ਹੋਵੇ, ਅੰਮ੍ਰਿਤ ਛਕਿਆ ਹੋਵੇ ਅਤੇ ਉਸ ਨੇ ਕੋਈ ਕੁਰਹਿਤ ਨਾ ਕੀਤੀ ਹੋਵੇ। ਹਰ ਰੋਜ਼ ਇਸ਼ਨਾਨ ਕਰਨ ਵਾਲਾ ਹੋਵੇ। ਬਾਣੀ ਦਾ

ਨਿਤਨੇਮੀ ਹੋਵੇ। ਚੰਗੀ ਰਹਿਤ ਵਾਲਾ ਹੋਵੇ। ਇਸ਼ਨਾਨ ਪਹਿਲਾਂ ਆਪ ਕਰੇ ਅਤੇ ਫੇਰ ਭਾਂਡਿਆਂ ਨੂੰ ਸਾਫ਼ ਰੇਤੇ ਨਾਮ ਮਾਂਜਣਾ ਕਰੇ। ਫੇਰ ਸਰਬ ਲੋਹ ਦੇ ਸੁਚੇ ਬਰਤਨਾਂ ਵਿੱਚ ਸੁੱਚਾ ਜਲ ਭਰ ਕੇ ਲਿਆਵੇ। ਭਾਵ ਖੂਹ ਜਾਂ ਦਰਿਆ ਆਦਿ ਦਾ ਜਿੱਥੇ ਸਾਫ ਪਾਣੀ ਹੋਵੇ ਉੱਥੋਂ ਲਿਆਵੇ, ਮੈਲੇ ਪਾਣੀ ਵਿੱਚੋਂ ਨਾ ਲਿਆਵੇ ਤੇ ਫਿਰ ਮਿੱਟੀ ਦਾ ਪੋਚਾ ਦੇਵੋ ਤੇ ਗੋਹੇ ਦਾ ਪੋਚਾ ਨਹੀਂ ਦੇਣਾ। ਮਿੱਟੀ ਦਾ ਪੋਚਾ ਹੀ ਦੇਵੋ ਜਿੱਥੇ ਦੇਗ ਕਰਨੀ ਹੋਵੇ ਥਾਂ ਕੱਚਾ ਹੋਵੇ ਅਤੇ ਉਸ ਦੀ ਥਾਂ ਵਿੱਚ ਪਵਿੱਤਰ ਹੋ ਕੇ ਵਾਹਿਗੁਰੂ ਸ਼ਬਦ ਬਿਨਾਂ ਹੋਰ ਕੁੱਝ ਨਾ ਉਚਾਰਨਾ ਕਰੋ। ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਹੋਵੇ।

ਖਿਉ, ਮੈਦਾ, ਖੰਡ ਤਿੰਨੇ ਬਰਾਬਰ ਹੋਣ, ਪਹਿਲਾਂ ਚਾਸ ਉਬਾਲ ਕੇ ਬਣਾ ਕੇ ਪੁਣ ਕੇ ਰੱਖ ਲਵੋ। ਜੇਕਰ ਖੰਡ ਵਿੱਚ ਮੈਲ ਹੋਵੇ ਤਾਂ ਚਾਸ ਵਿੱਚ ਠੰਡੇ ਪਾਣੀ ਦੇ ਛਿੱਟੇ ਮਾਰ ਕੇ ਭਾਵ ਟੰਢਾ ਪਾਣੀ ਥੋਹੜਾ ਜਿਹਾ ਪਾ ਕੇ ਰੱਖ ਦੇਵੋ। ਸਾਰੀ ਮਿੱਟੀ ਥੱਲੇ ਬੈਠ ਜਾਏਗੀ।

ਜਿਸ ਵਕਤ ਆਟਾ ਭੁੰਨਣ ਲੱਗੋ ਉਸ ਵੇਲੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰੋ। ਜਦੋਂ ਆਟਾ ਐਨ ਭੁੱਜ ਜਾਵੇ ਉਸ ਵਕਤ ਚਾਸ, ਜਿਸ ਨੂੰ ਅੰਮ੍ਰਿਤ ਵੀ ਕਹਿੰਦੇ ਹਨ, ਉਹ ਪਾਵੋ।

ਇਸ ਪ੍ਰਕਾਰ ਬਣਾ ਕੇ ਦੇਗ ਉੱਥੇ ਹੀ ਠੰਢੀ ਕਰਨੀ ਹੈ ਜੇ ਹੋ ਸਕੇ ਤਾਂ ਦੇਗ ਠੰਢੀ ਕਰਕੇ ਹੀ ਤਾਬਿਆ ਲਾ ਜਾਵੇ।

ਕੜਾਹ ਪ੍ਰਸ਼ਾਦਿ ਮਹਾਰਾਜ ਦੇ ਹਜ਼ੂਰ—ਫਿਰ ਸਤਿਗੁਰੂ ਸ੍ਰੀ ਗੁੰਥ ਸਾਹਿਬ ਦੀ ਹਜ਼ੂਰੀ ਵਿੱਚ ਦੇਗ ਲੈ ਜਾਣ ਸਮੇਂ ਰਸਤੇ ਵਿੱਚ ਅੱਗੇ ਜਲ ਛਿੜਕਦੇ ਜਾਣਾ। ਹਜ਼ੂਰੀ ਵਿੱਚ ਬੈਠ ਕੇ ਸਿੰਘ ਕੀਰਤਨ ਕਰਨ ਤੇ ਕੀਰਤਨ ਤੋਂ ਬਾਅਦ ਪ੍ਰਸ਼ਾਦਿ ਦੇ ਪਾਸ ਇੱਕ ਸਿੰਘ ਸੰਪੂਰਨ ਸ਼੍ਰੀ ਅਨੰਦ ਸਾਹਿਬ ਜੀ ਦਾ ਪਾਠ ਕਰੇ ੪੦ ਪਉੜੀਆਂ ਦਾ।

ਸੋ ਇਸ ਤਰ੍ਹਾਂ ਨਾਲ ਅਨੰਦ ਸਾਹਿਬ ਪੜ੍ਹ ਕੇ ਜੇ ਕੋਈ ਪਾਠ ਰਖਣਾ ਹੋਵੇ ਤਾਂ ਅਰਦਾਸ ਕਰਕੇ ਰੱਖਿਆ ਜਾਵੇ। ਜੇ ਸਹਿਜ ਪਾਠ ਭੀ ਰਖਣਾ ਹੋਵੇ ਤਾਂ ਸਹਿਜ ਪਾਠ ਅਰਦਾਸ ਕਰ ਕੇ ਰੱਖਿਆ ਜਾਵੇ ਖੜੋ ਕੇ ਅਰਦਾਸ ਕਰਨੀ ਹੈ ਅਤੇ ਅੰਮ੍ਰਿਤ ਧਾਰੀ ਰਹਿਤ ਵਾਲਾ ਸਿੰਘ ਅਰਦਾਸ ਕਰੇ। ਜਿਹੜਾ ਕੁਰਹਿਤੀਆ ਹੋਹੇ ਉਹ ਅਰਦਾਸ ਨਾ ਕਰੇ, ਉਹ ਲੇਖੇ ਨਹੀਂ ਪਏਗੀ।

ਭੋਗ ਲਗਾਉਣਾ—ਗੁਰੁ ਪਦ ਪਰੇਮ ਲਿਖਤੀ ਪੋਥੀ ਵਿੱਚ ਲਿਖਿਆ ਹੋਇਆ ਹੈ ਕਿ ਪੰਚਮ ਪਾਤਿਸ਼ਾਹ ਤੱਕ ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਪੰਜਾ ਲਾ ਕੇ ਕਰਦੇ ਕਿ ਇਸ ਤਰ੍ਹਾਂ ਸਾਨੂੰ ਭੋਗ ਲਗ ਜਾਂਦਾ ਹੈ। ਹੁਣ ਤੱਕ ਕਾਬਲ ਆਦਿ ਇਲਾਕੇ ਵਿੱਚ ਅਜੇ ਤੱਕ ਪੰਜਾ ਲਗਦਾ ਹੈ, ਜਿਸ ਦਿਨ ਨਾ ਲੱਗੇ ਉਹ ਆਪਣੀ ਖੁਟਿਆਈ ਸਮਝ ਕੇ ਕੜਾਹ ਪ੍ਰਸ਼ਾਦਿ ਨੂੰ ਧਰਤੀ ਵਿੱਚ ਦੱਬ ਦਿੰਦੇ ਹਨ ਅਤੇ ਨਵਾਂ ਬਣਾ ਕੇ ਸੱਚੇ ਦਿਲ ਨਾਲ ਅਰਦਾਸ ਕਰਦੇ ਹਨ ਤਾਂ ਪੰਜਾ ਲੱਗ ਜਾਂਦਾ ਹੈ।

ਉਸ ਇਲਾਕੇ ਦਾ ਇੱਕ ਪਰੇਮੀ ਸ਼੍ਰੀ ਹਰਿਮੰਦਿਰ ਸਾਹਿਬ ਆਇਆ। ਪ੍ਰਸ਼ਾਦਿ ਭੇਟਾ ਕੀਤਾ ਤਾਂ ਉੱਥੇ ਕ੍ਰਿਪਾਣ ਭੇਟਾ ਕੀਤੀ ਗਈ। ਪੰਜਾ ਨਾ ਲੱਗਾ ਦੇਖ ਕੇ ਦੁਬਾਰਾ ਪ੍ਰਸ਼ਾਦਿ ਲਿਆਂਦਾ। ਸ਼੍ਰੀ ਹਰਿਮੰਦਰ ਸਾਹਿਬ ਜੀ ਵਿੱਚੋਂ ਅਵਾਜ਼ ਆਇ ਕਿ ਸਿੱਖਾ ਉੱਥੇ ਉਸ ਇਲਾਕੇ ਵਿੱਚ ਪੰਜਾਂ ਲਗਦਾ ਹੈ, ਇਥੇ ਇਹ ਹੀ ਮ੍ਰਯਾਦਾ ਹੈ।

ਛੇਵੇਂ ਪਾਤਸ਼ਾਹ ਤੋਂ ਸਤਿਗੁਰੂ ਜੀ ਨੇ ਤੀਰ ਨਾਲ ਪ੍ਰਵਾਨਗੀ ਦਿੱਤੀ। ਨੌਵੇਂ ਪਾਤਿਸ਼ਾਹ ਤੱਕ ਤੀਰ ਨਾਲ ਹੀ ਭੋਗ ਲਾਉਂਦੇ ਰਹੇ। ਸ਼੍ਰੀ ਦਸ਼ਮੇਸ਼ ਪਾਤਸ਼ਾਹਿ ਜੀ ਨੇ ਅੰਮ੍ਰਿਤ ਛਕਾ ਕੇ ਕ੍ਰਿਪਾਨ ਭੇਟਾ ਕੀਤੀ। ਸਿੱਖਾਂ ਪੁੱਛਿਆ, ਇਹ ਕੀ ਕਾਰਣ ਹੈ ? ਤਾਂ ਦੱਸਿਆ ਕਿ ਹੁਣ ਦੇਗ ਕ੍ਰਿਪਾਨ ਭੇਟਾ ਹੋਇਆ ਕਰੇਗੀ ਇਸ ਨਾਲ ਸਾਨੂੰ ਭੋਗ ਲੱਗ ਜਾਂਦਾ ਹੈ। ਸਦਾ ਲਈ ਕ੍ਰਿਪਾਨ ਭੇਟ ਨਾਲ ਪ੍ਰਵਾਨ ਹੋਣ ਦੀ ਮ੍ਰਯਾਦਾ ਚਲਾਈ ਹੈ।

ਭੋਗ ਲਗੇ ਜਾਂ ਪ੍ਰਵਨ ਹੋਵੇ—ਕੜਾਹ ਪ੍ਰਸ਼ਾਦਿ ਭੇਟ ਕਰਨ ਵਕਤ ਕਹਿਣਾ ਚਾਹੀਦਾ ਹੈ ਕਿ ਆਪ ਜੀ ਨੂੰ ਭੋਗ ਲੱਗੇ। ਮਹਾਰਾਜ ਸਾਹਿਬ ਜੀ ਦਾ ਹੁਕਮ ਹੈ :—

'ਕਰੀ ਪਾਕਸਾਲ ਸੋਚ ਪਵ੍ਰਿਤਾ ਹੁਣਿ ਲਾਵਹੁ ਭੋਗ ਹਰਿ ਰਾਇ'

ਭੋਗ ਲਾਉਣ ਦਾ ਮਤਲਬ ਹੈ ਗ੍ਰਹਿਣ ਕਰਨ ਦਾ ਛਕਣ ਦਾ। ਤੇ ਪ੍ਰਵਾਨ ਦਾ ਮਤਲਬ ਹੈ ਕਿ ਇਹ ਵਸਤੂ ਆਪ ਨੂੰ ਪ੍ਰਵਾਨ ਹੈ ਭਾਵ ਆਪ ਜੀ ਨੂੰ ਅੱਛੀ ਲੱਗਦੀ ਹੈ, ਪਸੰਦ ਹੈ। ਜਿਵੇਂ ਕੋਈ ਬਸਤ੍ਰ ਸ਼ਸਤ੍ਰ ਆਦਿ ਦੇ ਕੇ ਕਹਿੰਦਾ ਹੈ ਕਿ ਇਹ

ਵਸਤੂ ਆਪ ਨੂੰ ਪ੍ਰਵਾਨ ਹਨ ਭਾਵ ਪਸੰਦ ਹਨ। ਸੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ 'ਭੋਗ ਲੱਗੇ' ਹੀ ਕਿਹਾ ਹੈ ਤੇ ਪ੍ਰਾਨ ਨਹੀਂ ਕਿਹਾ।

ਕ੍ਰਿਪਾਨ ਭੇਟ ਕਦੋਂ ਕਰਨੀ —ਜਿਸ ਵਕਤ ਅਰਦਾਸ ਕਰਦਿਆਂ ਕਹੀਏ ਕਿ 'ਆਪ ਜੀ ਨੂੰ ਭੋਗ ਲਗੇ' ਉਸ ਵਕਤ ਕਿਰਪਾਨ ਭੇਟ ਕਰਨੀ।

ਪੰਥ ਵਿੱਚ ਬਹੁਤ ਰੌਲਾ ਪੈ ਗਿਆ ਕਿ ਕ੍ਰਿਪਾਨ ਕਿਸ ਵਕਤ ਭੇਟ ਕਰਨੀ ਚਾਹੀਦੀ ਹੈ। ਕੋਈ ਕਹੇ ਜਿਸ ਵਕਤ ਦੇਗ ਹਜ਼ੂਰੀ ਵਿੱਚ ਆਵੇ ਉਸ ਵਕਤ ਕ੍ਰਿਪਾਨ ਚਾਹੀਦੀ ਹੈ। ਕੋਈ ਕਹੇ ਜਿਸ ਵਕਤ ਵੰਡਣੀ ਹੋਵੇ ਉਸ ਵਕਤ ਭੋਗ ਲਾਉਣਾ ਚਾਹੀਦਾ ਹੈ। ਪਰ ਬਹੁਤੇ ਸਿੰਘ ਗੁਰਾਂ ਦੇ ਕਹੇ ਬਚਨਾਂ ਅਨੁਸਾਰ ਪਿਛਲੀ ਚਲੀ ਆਉਂਦੀ ਮ੍ਰਯਾਦਾ ਅਨੁਸਾਰ ਕਹਿਣ ਕਿ ਜਿਸ ਵਕਤ ਅਰਦਾਸ ਵਿੱਚ ਕਹੀਏ 'ਆਪ ਜੀ ਨੂੰ ਭੋਗ ਲਗੇ' ਉਸ ਵਕਤ ਕ੍ਰਿਪਾਨ ਭੇਟ ਕਰਨੀ ਚਾਹੀਦੀ ਹੈ।

ਅਖ਼ੀਰ ਨੂੰ ਸਿੰਘਾਂ ਨੇ ਰਲ ਕੇ ਸ਼੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸਾ ਕੀਤਾ ਤੇ ਸ਼੍ਰੀ ਹਰਿਮੰਦਰ ਸਾਹਿਬ ਹਰਿ ਕੀ ਪਉੜੀ ਵਿੱਚ ਚਿਠੀਆਂ (ਪਰਚੀ) ਲਿਖ ਕੇ ਪਾਈਆਂ ਸਾਰੀਆਂ ਡੁਬ ਗਈਆਂ। ਕਾਫੀ ਦੇਰ ਬਾਅਦ ਇਕ ਚਿੱਠੀ (ਪਰਚੀ) ਨਿਕਲੀ ਜਿਸ ਵਿੱਚ ਲਿਖਿਆ ਸੀ ਕਿ ਜਿਸ ਵਕਤ ਅਰਦਾਸ ਕਰਦੇ ਹੋਏ ਕਹੋ 'ਆਪ ਜੀ ਨੂੰ ਭੋਗ ਲਗੇ' ਉਸ ਵਕਤ ਹੀ ਕ੍ਰਿਪਾਨ ਭੇਟ ਕਰੋ। ਤਾਂ ਸਭ ਦੀ ਤਸੱਲੀ ਹੋ ਗਈ। ਭੋਗ ਲਵਾਉਣ ਲਗਿਆਂ ਸਾਰਾ ਰੁਮਾਲਾ ਦੇਗ ਤੋਂ ਨਹੀਂ ਲਾਹੁਣਾ ਚਾਹੀਦਾ ਹੈ।

ਪ੍ਰਸ਼ਾਦਿ ਵੰਡਣਾ—ਏਸੇ ਪ੍ਰਕਾਰ ਸਾਧ ਸੰਗਤ ਜੀ। ਫੇਰ ਅਰਦਾਸ ਤੋਂ ਬਾਅਦ ਪੰਜਾਂ ਪਿਆਰਿਆਂ ਦੇ ਛਾਂਦੇ ਕੱਢ ਕੇ ਤੇ ਫੇਰ ਪਹਿਲਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਦੇ ਆਦਰ ਵਾਸਤੇ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਇਕ ਛਾਂਦਾ ਇਕ ਬਾਟੇ ਵਿੱਚ ਪਾ ਕੇ ਰੱਖੋ ਤੇ ਫੇਰ ਪੰਜਾਂ ਪਿਆਰਿਆਂ ਦਾ ਵਰਤਾ ਦੇਵੋ।

## ਪਾਠ ਵਾਸਤੇ ਸਮੱਗਰੀ

ਕੁੰਭ—(੧) ਸਾਧ ਸੰਗਤ ਜੀ। ਕੁੰਭ ਰੱਖਣ ਦਾ ਤਰੀਕਾ ਇਵੇਂ ਹੀ ਚਲਿਆ ਹੈ। ਜਿਵੇਂ ਜਿਸ ਵਕਤ ਸਟੇਸ਼ਨਾਂ ਤੇ ਕੋਈ ਅਗ ਦਾ ਖਤਰਾ ਹੋਵੇ। ਪਾਣੀ ਭਰ ਕੇ ਰੱਖੀਦਾ ਹੈ। ਇਸ ਪ੍ਰਕਾਰ ਕੁੰਭ ਰੱਖਣ ਦਾ ਮਤਲਬ ਹੈ ਘੜਾ ਪਾਣੀ ਦਾ ਭਰ ਕੇ ਰੱਖਣ ਦਾ। ਜੇ ਅਚਨਚੇਤ ਅੱਗ ਕਰਕੇ ਵਿਘਨ ਪੈ ਜਾਏ, ਜੋਤਾਂ ਆਦਿ ਤੋਂ ਲੱਗ ਜਾਏ ਤਾਂ ਝੱਟ ਪਾਣੀ ਨਾਲ ਬੁਝਾ ਦੇਣੀ। ਪਰ ਰੱਖਿਆ ਸ਼੍ਰੀ ਅਖੰਡ ਪਾਠ ਦੇ ਨੇੜੇ ਹੋਵੇ।

(੨) ਪੂਰਾ ਪਾਠ ਹੋਣ ਕਰਕੇ ਪਾਣੀ ਪਵਿੱਤ੍ਰ ਤੇ ਅੰਮ੍ਰਿਤ ਰੂਪ ਹੋ ਜਾਂਦਾ ਹੈ। ਜੋ ਜਿਹੜੀ ਪਾਣੀ ਵਿੱਚ ਸੁੱਧਤਾ ਹੁੰਦੀ ਹੈ। ਪਾਣੀ ਉਹ ਵਿਗੜਦਾ ਨਹੀਂ ਹੈ, ਪਵਿੱਤਰ ਰਹਿੰਦਾ ਹੈ ਤੇ ਉਸ ਨਾਲ ਅੰਮ੍ਰਿਤ ਤਿਆਰ ਕਰਨ ਵਾਸਤੇ ਹੀ ਵਰਤਿਆ ਜਾਂਦਾ ਹੈ। ਇਸ ਅੰਮ੍ਰਿਤ ਰੂਪ ਜਲ ਦੇ ਛਕਣ ਕਰ ਕੇ ਰੋਗ, ਕਸ਼ਟ ਆਦਿ ਦੂਰ ਹੁੰਦੇ ਹਨ।

ਜਿਵੇਂ ਸ਼੍ਰੀ ਹਰਿਮੰਦਰ ਸਾਹਿਬ ਅੱਠੇ ਪਹਿਰ ਕੀਰਤਨ ਬਾਣੀ ਕਰ ਕੇ ਸਾਰਾ ਸਰੋਵਰ ਹੀ ਅੰਮ੍ਰਿਤ ਰੂਪ ਹੋ ਗਿਆ ਹੈ। ਇਸ਼ਨਾਨ ਕਰਨ ਕਰਕੇ ਰੋਗ, ਕਸ਼ਟ, ਕੋਹੜ, ਪਾਪ, ਵਿਘੜ ਆਦਿ ਸਭ ਮਿਟ ਜਾਂਦੇ ਹਨ । ਪਰ ਸ਼੍ਰੀ ਅੰਮ੍ਰਿਤ ਸਰੋਵਰ ਦਾ ਅੰਮ੍ਰਿਤ ਜਲ ਹਰ ਜਗ੍ਹਾ ਹਰ ਵਕਤ ਮਿਲ ਨਹੀਂ ਸਕਦਾ। ਸੋ ਇਸ ਅੰਮ੍ਰਿਤ ਰੂਪ ਨਾਲ ਹੀ ਅਖੰਡ ਪਾਠ ਵਾਲੇ ਅੰਮ੍ਰਿਤ ਦੀ ਪ੍ਰਾਪਤੀ ਕਰ ਕੇ ਛੋਟੇ-ਛੋਟੇ ਕਾਰਜ ਰਾਸ ਹੋ ਜਾਂਦੇ ਹਨ ਪਰ ਜੇ ਕਰ ਅਖੰਡ ਪਾਠੀ ਸ਼ੁੱਧ ਪਾਠ ਕਰਨ ਤੇ ਰਹਿਤ ਵਾਲੇ ਹੋਣ।

ਕੁੰਭ ਭੀ ਸੁੱਚਾ ਹੋਵੇ। ਕੁੰਭ ਕਰਨ ਵਕਤ ਨਵਾਂ ਘੜਾ ਲਿਆਵੇ ਤੇ ਸਿੰਘ ਕੇਸੀ ਇਸ਼ਨਾਨ ਕਰਕੇ ਸ਼ੁੱਧ ਹੋ ਕੇ, ਸੁੱਚੇ ਰੇਤੇ ਆਦਿ ਨਾਲ ਬਰਤਨ ਮਾਂਜ ਕੇ ਖੂਹ ਦੇ ਸੁੱਚੇ ਪਾਣੀ ਪਾ ਕੇ ਮਹਾਰਾਜ ਜੀ ਦੇ ਹਜ਼ੂਰ ਰੱਖਣਾ, ਥੱਲੇ ਰੇਤਾ ਪਾ ਕੇ ਉੱਪਰ ਘੜਾ ਰੱਖੋ ਤੇ ਕੁੰਭ ਦੇ ਉਦਾਲੇ ਖੱਦਰ ਆਦਿ ਦਾ ਚਿੱਟਾ ਜਾਂ ਖੱਟਾ ਕੱਪੜਾ ਲਪੇਟ ਦੇਣਾ ਕਿਤੋਂ ਨੰਗਾ ਨਾ ਹੋਵੇ। ਤਾਂਕਿ ਕਿਸੇ ਦਾ ਜੂਠਾ ਹੱਥ ਨਾ ਲੱਗ ਜਾਏ। ਉਸ ਦੇ ਉੱਪਰ ਇੱਕ ਨਾਰੀਅਲ ਚਿੱਟੇ ਜਾਂ ਖੱਟੇ ਸੁੱਚੇ-ਕੱਪੜੇ ਵਿੱਚ ਲਪੇਟ ਕੇ ਰੱਖੋ।

ਨਾਰੀਅਲ—ਸਾਧ ਸੰਗਤ ਜੀ! ਨਾਰੀਅਲ ਜਿਹੜਾ ਹੈ ਇਸ ਸੀਸ ਭੇਟ ਦੇ ਥਾਂ ਹੈ। ਸੀਸ ਭੇਟ ਕਿਵੇਂ ਕਰੀਦੀ ਹੈ ਤੇ ਸੀਸ ਭੇਟ ਦੇ ਬਰਾਬਰ ਹੈ। ਸਤਿਗੁਰੂ ਮਹਾਰਾਜ ਸਾਹਿਬ ਜੀ ਜਦੋਂ ਗੁਰਿਆਈ ਦਿਆ ਕਰਦੇ, ਆਪਣੇ ਸਰੂਪ ਦੂਜੇ ਨੂੰ ਬਣਾਉਂਦੇ।

ਜਿਵੇਂ ਦੂਜੇ ਪਾਤਿਸ਼ਾਹ ਜੀ ਅੱਗੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਭੇਟਾ ਕੀਤੀ ਸੀ। ਇਸ ਤਰ੍ਹਾਂ ਉਸ ਗੁਰਿਆਈ ਦੇ ਮਾਲਕ ਕਰ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਇਕ ਰਸ ਪਾਠ ਹੋਣਾ ਹੁੰਦਾ ਹੈ ਤੇ ਨਾਲੀਅਲ ਰੱਖਿਆ ਜਾਂਦਾ ਹੈ।

ਸੋ ਗੁਰੂ ਘਰ ਦੇ ਅੰਦਰ ਨਾਰੀਅਲ ਰੱਖਣ ਦਾ ਰਿਵਾਜ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲਿਆ ਆ ਰਿਹਾ ਹੈ। ਜਦੋਂ ਸੰਃ ੧੫੯੬ ਬਿਃ ਸ਼੍ਰੀ ਗੁਰੂ ਨਾਨਕ ਦੇਵ ਜੀ ਸ਼੍ਰੀ ਕਰਤਾਰਪੁਰ ਸਾਹਿਬ ਜੋਤੀ ਜੋਤਿ ਸਮਾਉਣ ਲੱਗੇ ਸਨ ਤਾਂ ਆਪਣੇ ਹੱਥਾਂ ਕਵਲਾਂ ਨਾਲ ਅਸੂ ਵਦੀ ਪੰਜਵੀਂ ਨੂੰ ਇਕ ਨਾਰੀਅਲ ਤੇ ੫ ਪੈਸੇ ਰੱਖ ਕੇ ਸ਼੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਗੁਰਤਾ ਗੱਦੀ ਬਖਸ਼ੀ। ਆਪਣਾ ਰੂਪ ਬਣਾਇਆ ਭਾਵ ਆਪ ਹੀ ਦੂਜੇ ਰੂਪ ਵਿੱਚ ਹੋ ਕੇ ਸੰਸਾਰ ਨੂੰ ਤਾਰਨ ਲੱਗੇ ਤੇ ਬਾਬੇ ਬੁੱਢੇ ਜੀ ਤੋਂ ਤਿਲਕ ਦਿਵਾਇਆ।

ਏਸ ਪ੍ਰਕਾਰ ਦਸਵੇਂ ਪਾਤਿਸ਼ਾਹ ਜੀ ਤੱਕ ਗੁਰਤਾ ਗੱਦੀ ਬਖਸ਼ਣ ਵੇਲੇ ਇੱਕ ਨਾਰੀਅਲ ਤੇ ਪੰਜ ਪੈਸੇ ਰੱਖ ਕੇ ਗੁਰਤਾ ਗੱਦੀ ਬਖਸ਼ਦੇ ਰਹੇ। ਛੇ ਸਰੂਪਾਂ ਤੱਕ ਤਿਲਕ ਬਾਬਾ ਬੁੱਢਾ ਜੀ ਤੇ ਉਹਨਾਂ ਤੋਂ ਬਾਅਦ ਉਹਨਾਂ ਦੀ ਅੰਸ਼ ਹੀ ਲਾਉਂਦੀ ਰਹੀ ।

ਏਸੇ ਪ੍ਰਕਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੬੫ ਬਿਕ੍ਰਮੀ ਕੱਤਕ ਵਦੀ ਦੂਜ ਨੂੰ ਇਕ ਨਾਰੀਅਲ ਤੇ ਪੰਜ ਪੈਸੇ ਰੱਖ ਕੇ ਭੇਟਾ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖਸ਼ੀ ਤੇ ਪੰਜ ਪ੍ਰਕਰਮਾਂ ਕੀਤੀਆਂ। ਨਾਰੀਅਲ ਆਪਣਾ ਸੀਸ ਅਰਪਣ ਕਰਨਾ ਤੇ ਪੰਜ ਪੈਸੇ ਸਾਰੀ ਬਿਭੂਤੀ (ਮਾਇਆ) ਅਰਪਣ ਕਰਨੀ ਹੈ ਤੇ ਇਸ ਵਾਸਤੇ ਸਿੱਖ ਸੰਗਤਾਂ ਸ਼੍ਰੀ ਅਖੰਡ ਪਾਠ ਸਮੇਂ ਸ਼੍ਰੇਸ਼ਟ ਫਲ ਜਾਣ ਕੇ ਨਾਰੀਅਲ ਹਜ਼ੂਰੀ ਵਿੱਚ ਦਰਸ਼ਨੀ ਭੇਟਾ ਰਖਦੀਆਂ ਹਨ। ਇਹ ਸੀਸ ਭੇਟ ਦੇ ਬਰਾਬਰ ਹੈ।

ਜਿਵੇਂ ਦੁਰਬਾਸ਼ਾ ਨੇ ਰੁੱਖਾਂ ਨੂੰ ਬੰਦੇ ਲਾ ਦਿਤੇ ਭਾਵ ਨਾਰੀਅਲ ਦੇ ਬੰਦੇ ਬਣਾਏ ਤੇ ਉਹ ਨਾ ਕੁਝ ਖਾਮ ਨਾ ਪੀਣ, ਨਾ ਮੋਹ ਆਦਿ ਕਰਨ। ਇਸ ਵਾਸਤੇ ਪ੍ਰਮਾਤਮਾਂ ਨੇ ਕਿਹਾ ਕਿ ਤੁਸੀਂ ਦੁਨੀਆਂ ਨਾ ਬਣਾਉ। ਸਾਡਾ ਵਰ ਰਿਹਾ ਕਿ ਜੋ ਕੋਈ ਨਾਰੀਅਲ ਦੀ ਭੇਟਾ ਦੇਵੇਗਾ। ਉਸ ਦਾ ਸਿਰ ਦੇ ਬਰਾਬਰ ਹੀ ਫਲ ਹੋਵੇਗਾ। ਇਸ ਵਾਸਤੇ ਸੀਸ ਭੇਟ ਵਾਸਤੇ ਵੀ ਦਿੰਦੇ ਹਨ ਤੇ ਨਾਰੀਅਲ ਦੇਣ ਦਾ ਮਤਲਬ ਇਹ ਹੈ ਕਿ ਆਪਣਾ ਸੀਸ ਮਨ ਅਤੇ ਤਨ ਅਰਪਣ ਕਰਨਾ ਹੈ।

ਜੋ ਨਾਰੀਅਲ ਇਕ ਵਾਰ ਚੜ੍ਹਾਇਆ ਜਾਵੇ, ਦੂਸਰੀ ਵਾਰ ਨਹੀਂ ਚੜ੍ਹਾਉਣਾ ਤੇ ਬਾਅਦ ਵਿੱਚ ਭੰਨ ਕੇ ਸੰਗਤ ਵਿੱਚ ਵਰਤਾ ਦੇਵੋ।

ਧੂਪ—ਮਕਾਨ ਦੇ ਅੰਦਰ ਖੁਸ਼ਬੂ ਰੱਖਣ ਦੇ ਵਾਸਤੇ ਅਤੇ ਕੋਈ ਗੰਦੀ ਪੌਣ ਕਿਸੇ ਪ੍ਰਕਾਰ ਦਾ ਅਸਰ ਨਾ ਕਰੇ ਇਸ ਵਾਸਤੇ ਧੂਪ ਧੁਖਾ ਕੇ ਰੱਖੀ ਜਾਂਦੀ ਹੈ। ਇਹ ਸਾਰੀਆਂ ਸੁਗੰਧੀ ਵਾਲੀਆਂ ਚੀਜ਼ਾਂ ਇਸ ਕਾਰਨ ਨੂੰ ਲੈ ਕੇ ਰੱਖੀਆਂ ਜਾਂਦੀਆਂ ਹਨ। ਮਹਾਰਾਜ ਜੀ ਦੇ ਪਾਸ ਸੁਗੰਧੀ ਹੋਣੀ ਚਾਹੀਦੀ ਹੈ ਤੇ ਸਤਿਗੁਰਾਂ ਦੇ ਹਜ਼ੂਰ ਦੀਵਾਨ ਵਿੱਚ ਵੀ ਧੂਪ ਧੁਖਾਉਣੀ ਚਾਹੀਦੀ ਹੈ। ਅਖੰਡ ਪਾਠ ਸੁਣਨ ਵਾਸਤੇ ਚੂੰਕਿ ਦੇਵਤੇ ਆਦਿ ਵੀ ਆਉਂਦੇ ਹਨ, ਇਸ ਵਾਸਤੇ ਧੂਪ ਜ਼ਰੂਰ ਧੁਖਾਉਣੀ ਚਾਹੀਦੀ ਹੈ। ਉਂਞ—

'ਧੂਪ ਦੀਪ ਕਰਕੇ ਹਰਿ ਨਾਮ ਤੁਲਿ ਨ ਲਾਗੇ'॥

ਨਾਮ ਦੇ ਬਰਾਬਰ ਕੋਈ ਨਹੀਂ ਹੈ। ਨਾਮ ਸਭ ਤੋਂ ਸ਼ਰੋਮਣੀ ਹੈ, ਪ੍ਰੰਤੂ ਫਿਰ ਵੀ ਅਸਥਾਨ ਨੂੰ ਪਵਿੱਤਰ ਤੇ ਸੁਗੰਧਤ ਕਰਨ ਲਈ ਧੂਫ ਧੁਖਾਉਣੀ ਬਹੁਤ ਜ਼ਰੂਰੀ ਹੈ।

ਜਦੋਂ ਛੇਵੇਂ ਪਾਤਸ਼ਾਹ ਜੀ ਨੇ ਬਾਬੇ ਗੁਰਦਿੱਤੇ ਜੀ ਦੇ ਤਾਈਂ ਕਰਤਾਰਪੁਰ ਸਾਹਿਬ ਮਹਾਰਾਜ ਦਾ ਸਰੂਪ ਦੇ ਕੇ ਭੇਜਿਆ ਸੀ ਕਿਹਾ ਕਿ ਤੁਸੀਂ ਮਹਾਰਾਜ ਸਾਹਿਬ ਜੀ ਦਾ ਪੰਜ ਪੱਤਰਿਆਂ ਦਾ ਹਰ ਰੋਜ਼ ਪਾਠ ਕਰਨਾ ਘਿਉ ਦਾ ਦੀਵਾ ਕਰਨਾ। ਧੂਪ ਧੁਖੌਣੀ ਤੇ ਕੜਾਹ ਪ੍ਰਸ਼ਾਦ ਕਰਕੇ ਹਰ ਰੋਜ਼ ਅਰਦਾਸ ਕਰਰਿਆ ਕਰੋ।

ਇਹ ਬਾਬੇ ਗੁਰਦਿੱਤੇ ਜੀ ਨੂੰ ਸਿੱਖਿਆ ਦੇ ਕੇ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ, ਜਿਹੜਾ ਪੰਜਵੇਂ ਪਾਤਸ਼ਾਹ ਜੀ ਦਾ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ ਸ੍ਰੀ, ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੀ। ਉਹ ਹੁਣ ਕਰਤਾਰਪੁਰ ਸਾਹਿਬ ਹੈ, ਉਸ ਸਰੂਪ ਦੀ ਸੇਵਾ ਵਾਸਤੇ ਕਹਿ ਕੇ ਭੇਜਿਆ ਸੀ। ਓਦੋਂ ਦੀ ਇਹ ਮ੍ਰਯਾਦਾ ਚਲੀ ਹੈ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਤਨਾ ਵੀ ਸਤਿਕਾਰ ਕੀਤਾ ਜਾਏ ਉਤਨਾ ਹੀ ਥੋੜ੍ਹਾ ਹੈ। ਇਹ ਸਾਡੀ ਸਾਂਝੀ ਧਾਰਮਕ ਰਚਨਾ ਹੈ।.....

ਇਹ ਅਜਿਹਾ ਸੀਤਲ ਤੇ ਮਿਠੇ ਪਾਣੀ ਦਾ ਚਸ਼ਮਾ ਹੈ ਜੋ ਸਦਾ ਵਗਦਾ ਰਹਿੰਦਾ ਹੈ ਅਤੇ ਜਿਸ ਦੇ ਸੇਵਨ ਨਾਲ ਹਜ਼ਾਰਾਂ ਦੁਖੀ ਰੂਹਾਂ ਨੂੰ ਸ਼ਾਂਤੀ ਮਿਲਦੀ ਰਹਿੰਦੀ ਹੈ। ਜਿਸ ਨੂੰ ਸਵੇਰੇ ਮਸਤਕ ਟੇਕਣ ਨਾਲ ਆਤਮਕ ਪ੍ਰਸੰਨਤਾ ਮਿਲਦੀ ਹੈ, ਜਿਸ ਨੂੰ ਸੁਣਨ ਨਾਲ ਆਤਮਕ ਸ਼ਕਤੀ ਮਿਲਦੀ ਹੈ, ਅਤੇ ਜਿਸ ਦੇ ਰਾਤ ਨੂੰ ਸੰਤੋਖਣ ਨਾਲ ਆਤਮਕ ਸ਼ਾਂਤੀ ਮਿਲਦੀ ਹੈ। ਇਸ ਵਿੱਚ ਅਨਗਿਣਤ ਭਾਵਾਂ ਦੀ ਥਰਥਰਾਂਦੀ ਗੁੰਜਾਰ ਹੈ। ਅਜਿਹੇ ਅਦੁੱਤੀ, ਮਹਾਨ ਤੇ ਸਰੇਸ਼ਟ ਗ੍ਰੰਥ ਦਾ ਸਤਿਕਾਰ ਕਰਨਾ ਸਾਡਾ ਸਭਿਆਚਾਰਕ, ਸਾਹਿਤਕ, ਨਾਗਰਿਕ ਅਤੇ ਭਾਈਚਾਰਕ ਧਰਮ ਹੈ। ਇਸ ਪ੍ਰਤੀ ਬੇਮੁਖ ਹੋਣਾ ਭਾਰਤੀ ਸੰਸਕ੍ਰਿਤੀ ਨਾਲ ਧਰੋਹ ਕਰਨਾ ਹੈ, ਮੂਰਖਤਾ ਅਤੇ ਉੱਜਡਪੁਣਾ ਹੈ।........"

ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਤਨਾ ਵੀ ਹੋ ਸਕੇ ਵੱਧ ਤੋਂ ਵੱਧ ਸਤਿਕਾਰ ਅਦਬ ਕੀਤਾ ਜਾਵੇ।

ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਅਦਬ ਹਰ ਵੇਲੇ ਕਾਇਮ ਰੱਖਣ ਲਈ ਸਮੇਂ-ਸਮੇਂ ਅਨੁਸਾਰ ਸਿੱਖਾਂ ਨੇ ਅਜਿਹੇ ਕਾਰਨਾਮੇ ਕੀਤੇ ਜੋ ਇਤਿਹਾਸ ਦੇ ਪੰਨਿਆਂ ਦੀਆਂ ਸੁਰਖੀਆਂ ਬਣ ਕੇ ਕੁੱਲ ਮਾਨਵਤਾ ਲਈ ਮਾਰਗ ਦਰਸ਼ਕ ਬਣ ਕੇ ਅਵਗਾਈ ਕਰ ਰਹੇ ਹਨ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਹਿੱਤ ਜੋ ਪੂਰਨੇ ਪਾਏ ਹਨ ਉਹ ਸ਼ਲਾਘਾ ਯੋਗ ਅਤੇ ਇਤਿਹਾਸ ਦੇ ਪੰਨਿਆਂ ਤੇ ਸੂਰਜ ਦੀ ਨਿਆਈ ਚਮਕ ਦੇ ਕੇ ਰੱਸਤਾ ਰੋਸ਼ਣ ਕਰ ਰਹੇ ਹਨ। ਜਦੋਂ ਕਿਤੇ ਵੀ ਕੋਈ ਵੀ ਔਕੁੜ ਆ ਬਣਦੀ ਜਾਂ ਪਰਜਾ ਉੱਪਰ ਕਿਸੇ ਪ੍ਰਕਾਰ ਦੀ ਭੀੜ ਆ ਬਣਦੀ ਉਸ ਵੇਲੇ ਮਹਾਰਾਜਾ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਜਾ ਕੇ ਚਾਰ-ਚਾਰ ਘੰਟੇ ਬੈਠ ਕੇ ਪਾਠ ਕਰਦੇ ਅਤੇ ਅਰਦਾਸ ਬੇਨਤੀ ਕਰਦੇ ਰਹਿੰਦੇ। ਉਹਨਾਂ ਦਾ ਨਿਯਮ ਸੀ ਕਿ ਹਰ ਰੋਜ਼ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਜਾ ਕੇ ਨਮਸਕਾਰ ਕਰਨੀ ਹੁਕਮਨਾਮਾਂ ਸਰਵਨ ਕਰਕੇ ਆਉਣਾ। ਵੱਡੇ ਘੱਲੂ ਘਾਰੇ ਵੇਲੇ ਜਿਸ ਵੇਲੇ ਖਾਲਸੇ ਨੂੰ ਚਾਰ ਚੁਫੇਰੇ ਤੋਂ ਘੇਰਾ ਪੈ ਗਿਆ ਉਸ ਵੇਲੇ ਜੱਥੇਦਾਰ ਬਾਬਾ ਜਸਾ ਸਿਘ ਆਹਲੂਵਾਲਿਆ ਖਾਲਸਾ ਫੌਜ ਦੀ ਕਮਾਨ ਕਰ ਰਹੇ ਸਨ। ਉਨ੍ਹਾਂ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਿਫ਼ਾਜਤ ਵਾਸਤੇ 1200 ਰਿਸ਼ਟ ਪੁਸ਼ਟ ਸੱਭ ਤੋਂ ਬਹਾਦਰ ਸੂਰਮੇ ਚੁਣ ਕੇ ਉਸ ਗੱਡੇ ਦੇ ਦੁਆਲੇ ਲਾਏ ਜਿਸ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਸਨ ਅਤੇ ਬਹੁਤ ਸਖਤ ਹੁਕਮ ਜਾਰੀ ਕੀਤਾ ਕਿ ਐ ਸੂਰਬੀਰੋ ਪੁਰਜਾ-ਪੁਰਜਾ ਕੱਟ ਮਰਨਾ ਪ੍ਰੰਤੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਕਿਸੇ ਵੈਰੀ ਦਾ ਵਾਰ ਨਹੀਂ ਹੋਣ ਦੇਣਾ। ਸਮੇਂ-ਸਮੇਂ ਪਾਏ ਗਏ ਪੂਰਨੇ ਰਹਿੰਦੀ ਦੁਨੀਆਂ ਤੱਕ ਮਾਰਗ ਦਰਸ਼ਕ ਕਰਦੇ ਰਹਿਣਗੇ।

# ਸੱਚਖੰਡ ਵਾਸੀ
# ਸ੍ਰੀਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਵੱਲੋਂ ਗੁਰਬਾਣੀ ਅਦਬ ਸਤਿਕਾਰ

ਜਿੰਨਾਂ ਸਾਸ ਗਿਰਾਸ ਨ ਵਿਸਰੈ ਹਰਿ ਨਾਮਾ ਮਨ ਮੰਤ।
ਧੰਨੁ ਸੇ ਸੇਇ ਨਾਨਕਾ ਪੂਰਨ ਸੋਈ ਸੰਤ॥

ਜਿੰਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ।।
ਭੇਦ ਨ ਜਾਣਹੁ ਮੂਲਿ ਸਾਂਈ ਜੇਹਿਆ॥

ਉਪਰੋਕਤ ਪ੍ਰਮਾਣਾਂ ਤੋਂ ਪਤਾ ਚੱਲਦਾ ਹੈ ਕਿ ਗੁਰਬਾਣੀ ਅਤੇ ਮਹਾਂਪੁਰਸ਼ਾਂ ਦਾ ਅਤੇ ਪ੍ਰਮੇਸ਼ਰ ਦਾ ਕਿਹੋ ਜਿਹਾ ਸੰਬੰਧ ਹੈ। ਗੁਰਬਾਣੀ ਸੰਤਾਂ ਮਹਾਂ ਪੁਰਸ਼ਾਂ ਦੀ ਸੰਗਤ ਦੀ ਪ੍ਰੇਰਨਾ ਕਰਦੀ ਹੈ। ਪੂਰਨ ਮਹਾਂ ਪੁਰਸ਼ ਗੁਰਬਾਣੀ ਨਾਲ ਜੋੜਦੇ ਹਨ। ਇਹੋ ਹੀ ਕਾਰਨ ਹੈ ਕਿ ਦਸਾਂ ਪਾਤਸ਼ਾਹੀਆਂ ਤੋਂ ਉਪਰੰਤ ਗੁਰਮੁੱਖ ਪਿਆਰੇ ਸੰਤਾਂ ਮਹਾਂ ਪੁਰਸ਼ਾਂ ਨੇ ਸਤਿਗੁਰਾਂ ਵੱਲੋਂ ਦਰਸਾਏ ਗਏ ਮਾਰਗ ਅਤੇ ਪੰਥ ਨੂੰ ਦਿਨੋਂ ਦਿਨ ਚੜ੍ਹਦੀ ਕਲਾ ਵਿੱਚ ਰੱਖਣ ਲਈ ਸਿਰ ਤੋੜ ਜਤਨ ਉਪਰਾਲੇ ਅਰੰਭੇ ਅਨੇਕਾਂ ਪ੍ਰਕਾਰ ਦੇ ਜਾਪ, ਆਖੰਡ ਪਾਠ, ਦੀਵਾਨਾਂ ਸਤਸੰਗ, ਸੇਵਾ ਆਦਿ ਵਸੀਲਿਆਂ ਦੁਆਰਾ ਬਾਣੀ ਨਾਲ ਜੋੜਦੇ ਆਏ ਹਨ ਅਤੇ ਜੋੜ ਰਹੇ ਹਨ। ਸੱਚ ਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਟਾਂਡਾ ਉੜਮੁੜ ਵਾਲੇ ਜਿੰਨ੍ਹਾਂ ਮਹਾਂ ਪੁਰਸ਼ਾਂ ਦੀ ਦਾਸ ਨੂੰ ਵੀ ਸੰਗਤ ਨਸੀਬ ਹੋਈ। ਮਹਾਂਪੁਰਸ਼ ਕਿਨ੍ਹਾਂ ਬਾਣੀ ਦਾ ਅਦਬ ਸਤਿਕਾਰ ਰੱਖਦੇ ਸਨ। ਜਿੱਥੇ ਕਿੱਥੇ ਵੀ ਸਤਸੰਗ ਪ੍ਰਵਚਨ ਕਰਕਦੇ ਹਮੇਸ਼ਾ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੀ ਕਰਿਆ ਕਰਦੇ ਸਨ। ਬੱਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਲਈ ਬਹੁਤ ਹੀ ਆਲੀਸ਼ਾਨ ਪਾਲਕੀ ਅਤੇ ਵੱਖਰਾ ਕੈਬਨ ਬਣਾਇਆ ਹੋਇਆ ਸੀ। ਗੱਡੀ ਵਿੱਚ ਸੱਭ ਤੋਂ ਮੂਹਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਦੇ ਸਨ। ਡੇਰੇ ਟਾਂਡੇ ਵਿਖੇ ਜਦੋਂ ਇਮਾਰਤ ਦੀ ਤਿਆਰੀ ਹੁੰਦੀ ਸੀ। ਡੇਰੇ ਦੀ ਛੱਤ ਉੱਪਰ ਇਕ ਕਮਰਾ ਆਪਣੇ ਆਰਾਮ ਅਤੇ ਇਕਾਂਤ ਸਿਮਰਨ ਲਈ ਬਣਾਇਆ ਸੀ। ਜਿਸ ਵੇਲੇ ਕਮਰਾ ਤਿਆਰ ਹੋ ਚੁੱਕਾ। ਬਾਬਾ ਜੀ ਜਦੋਂ ਉਸ ਕਮਰੇ ਵਿੱਚ ਗਏ। ਕਮਰੇ ਵਿੱਚ ਬੈਠਣ ਤੋਂ ਪਹਿਲਾਂ ਪੁੱਛਣ ਲੱਗੇ ਕਿ ਭਾਈ ਚੰਗੀ ਤਰ੍ਹਾਂ ਧਿਆਨ ਨਾਲ ਦੇਖ ਕੇ ਦੱਸੋ ਕਿ ਕੀ ਇਸ ਕਮਰੇ ਦੀ ਛੱਤ ਸ਼ੀਸ਼ ਮਹਿਲ (ਸੱਚ ਖੰਡ) ਨਾਲੋਂ ਉੱਚੀ ਤਾਂ ਨਹੀਂ।

ਸੰਗਤਾਂ ਨੇ ਗਹੁ ਨਾਲ ਦੇਖਿਆ ਕਿ ਇਹ ਕਮਰਾ ਸੱਚਖੰਡ ਸ਼ੀਸ਼ ਮਹਿਲ ਨਾਲੋਂ ਥੋੜ੍ਹਾ ਉੱਚਾ ਹੈ ਤਾਂ ਬਾਬਾ ਜੀ ਉਸੀ ਵੇਲੇ ਇੱਕ ਦਮ ਕਮਰੇ ਵਿੱਚੋਂ ਬਾਹਰ ਆ ਗਏ ਅਤੇ ਮੁੜ ਕਦੇ ਉਸ ਕਮਰੇ ਵਿੱਚ ਨਹੀਂ ਗਏ ਅਤੇ ਬਚਨ ਕੀਤਾ ਕਿ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੈ। ਜਿਸ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖਆਸਣ ਲਈ ਸ਼ੀਸ਼ ਮਹਿਲ ਦੀ ਤਿਆਰੀ ਹੋ ਰਹੀ ਸੀ। ਉਸ ਵੇਲੇ ਕੁਝ ਕੁ ਮੈਂਬਰ ਬਾਬਾ ਜੀ ਨੂੰ ਕਹਿਣ ਲੱਗੇ ਕਿ ਸ਼ੀਸ਼ ਮਹਿਲ ਉਪਰ ਤਾਂ ਬਹੁਤ ਖਰਚਾ ਆਵੇਗਾ। ਬਾਬਾ ਜੀ ਨੇ ਬਚਨ ਕੀਤਾ ਕਿ ਮੇਰੀ ਤਾਂ ਦਿਲੀ ਚਾਹਤ ਹੈ ਕਿ ਮੈਂ ਇਸ ਨੂੰ ਸੋਨੇ ਨਾਲ ਮੜ੍ਹਾ ਦਿਆਂ। ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੋਂ ਕੀਮਤੀ ਤੋਂ ਕੀਮਤੀ ਚੀਜ਼ ਵੀ ਕੁਰਬਾਨ ਕਰਨ ਲਈ ਤਿਆਰ ਸਨ, ਇਹ ਸੱਭ ਕੁੱਝ ਸੰਗਤਾਂ ਨੂੰ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ ਲਈ ਹੀ ਪੂਰਨੇ ਪਾ ਰਹੇ ਸਨ। ਪ੍ਰਮਾਣ ਦੇ ਕੇ ਸੰਬੋਧਨ ਕਰਿਆ ਕਰਦੇ ਸਨ ਕਿ ਪਿੰਡ ਵਿੱਚ ਜਦੋਂ ਕੋਈ ਥਾਣੇਦਾਰ ਆਉਂਦਾ ਹੈ ਤਾਂ ਪਿੰਡ ਦੇ ਸਰਪੰਚ, ਪੰਚ ਸਾਰੇ ਖੜੇ ਹੁੰਦੇ ਹਨ। ਜੇਕਰ ਡੀ. ਐਸ.ਪੀ. ਆਵੇ ਤਾਂ ਥਾਣੇਦਾਰ ਵੀ ਖੜੇ ਹੁੰਦੇ ਹਨ। ਜਿਸ ਵੇਲੇ ਐਸ.ਐਸ.ਪੀ. ਆਉਂਦਾ ਹੈ ਤਾਂ ਥਾਣੇਦਾਰ ਡੀ.ਐਸ.ਪੀ. ਸਹਿਬ ਖੜੇ ਹੁੰਦੇ ਹਨ। ਜਦੋਂ ਮੁੱਖ ਮੰਤਰੀ ਆਉਂਦਾ ਹੈ ਤਾਂ, ਐਸ.ਐਸ.ਪੀ. ਸਮੇਤ ਸਾਰੇ ਖੜੇ ਹੁੰਦੇ ਹਨ। ਜਦੋਂ ਮੁੱਖ ਮੰਤਰੀ ਆਉਂਦਾ ਹੈ ਤਾਂ ਮੰਤਰੀਆਂ ਨੂੰ ਖੜੇ ਹੋਣਾ ਪੈਂਦਾ ਹੈ। ਜਿਸ ਵੇਲੇ ਪ੍ਰਧਾਨ ਮੰਤਰੀ ਆਉਂਦਾ ਹੈ ਉਸ ਵੇਲੇ ਮੁੱਖ ਮੰਤਰੀ ਵੀ ਖੜਾ ਹੁੰਦਾ ਹੈ ਅਤੇ ਜਦੋਂ ਰਾਸ਼ਟਰਪਤੀ ਆਉਂਦਾ ਹੈ ਤਾਂ ਪ੍ਰਧਾਨ ਮੰਤਰੀ ਮੁੱਖ ਮੰਤਰੀ, ਹੋਰ ਸਾਰੇ ਮੰਤਰੀ ਭਾਵ ਪੂਰੇ ਦੇਸ਼ ਦੀ ਜਨਤਾ ਨੂੰ ਉਨ੍ਹਾਂ ਦੇ ਸਤਿਕਾਰ ਵਿੱਚ ਖੜੇ ਹੋਣਾ ਪੈਂਦਾ ਹੈ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਕੁੱਲ ਦੁਨੀਆਂ ਦੇ ਰਾਸ਼ਟਰਪਤੀ ਹਨ। ਇਸ ਕਰਕੇ ਜਿੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਉੱਥੇ ਹੋਰ ਕਿਸੇ ਵੀ ਵਿਅਕਤੀ ਦੇ ਪੈਰੀਂ ਹੱਥ ਲਾਉਣਾ, ਮੱਥਾ ਟੇਕਣਾ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੈ।

ਜਿਸ ਪਿੰਡ ਵੀ ਸਤਸੰਗ ਕਰਨ ਜਾਂਦੇ ਉਸ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਭੇਜਦੇ ਸਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਦੀ ਸਫਾਈ, ਰੁਮਾਲੇ ਧੋਣੇ, ਚਾਨਣੀਆਂ ਧੋਣੀਆਂ, ਰੁਮਾਲੇ ਪ੍ਰੈਸ ਕਰਨੇ ਆਦਿ। ਪਾਠ ਕਰਨ ਵੇਲੇ ਪਾਠੀ ਸਿੰਘਾਂ ਨੂੰ ਸਖ਼ਤ ਹਦਾਇਤ ਕਰਦੇ ਸਨ ਕਿ ਹਮੇਸ਼ਾਂ ਮੂੰਹ ਬੰਨ੍ਹ ਕੇ ਪਾਠ ਕਰਨਾ ਹੈ। ਕਿਉਂਕਿ ਪਾਠ ਕਰਦੇ ਸਮੇਂ ਬੋਲਣ ਸਮੇਂ, ਜੇ ਅਚਾਨਕ ਖਾਂਸੀ ਵਗੈਰਾ ਆ ਜਾਵੇ ਤਾਂ ਮੂੰਹ ਵਿੱਚੋਂ ਥੁੱਕ ਵਗੈਰਾ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਤੇ ਪੈ ਸਕਦਾ

ਹੈ। ਪਾਠ ਕਰਨ ਵੇਲੇ ਇਧਰ ਉਧਰ ਨਹੀਂ ਤੱਕਣਾ। ਕਈ ਵੇਰਾਂ ਪਰਖ ਕਰਨ ਵਾਸਤੇ ਕੋਈ ਨਾ ਕੋਈ ਮੈਂਬਰ ਭੱਜਦੇ ਰਹਿੰਦੇ ਹਨ ਕਿ ਦੇਖ ਕੇ ਆਓ ਕਿ ਕੋਈ ਪਾਠੀ ਉਪਰ ਸਿਰ ਤਾਂ ਨਹੀਂ ਚੁੱਕਦਾ ਭਾਵ ਇਧਰ ਉਧਰ ਤਾਂ ਨਹੀਂ ਦੇਖਦਾ। ਜੇਕਰ ਕੋਈ ਕਰਦਾ ਫੜਿਆ ਜਾਂਦਾ ਤਾਂ ਉਸ ਨੂੰ ਸਖ਼ਤ ਸਜਾ ਦਿੰਦੇ ਸਨ। ਇੱਥੋਂ ਤੱਕ ਬਚਨ ਕਰਿਆ ਕਰਦੇ ਸਨ ਕਿ ਜਿਸ ਵੇਲੇ ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਪਾਠ ਕਰ ਰਹੇ ਹੋ। ਉਸ ਵੇਲੇ ਬੇਸ਼ਕ ਚਾਰ ਚੁਫੇਰੇ ਅੱਗ ਲੱਗ ਜਾਵੇ। ਬੇਸ਼ਕ ਕੁੱਝ ਵੀ ਹੋਵੇ ਤੁਸੀਂ ਸਿਰ ਉਪਰ ਨਹੀਂ ਚੁੱਕਣਾ। ਦਰਬਾਰ ਸਾਹਿਬ ਵਿੱਚ ਨੰਗੇ ਸਿਰ ਜਾਣਾ ਅਤੇ ਜੁਰਾਬਾਂ ਪਹਿਨ ਕੇ ਜਾਣ ਦੀ ਸਖ਼ਤ ਮਨਾਹੀ ਹੁੰਦੀ ਸੀ। ਉਨ੍ਹਾਂ ਦਾ ਪੱਕਾ ਨਿਯਮ ਸੀ ਕਿ ਸਵੇਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਮੱਥਾ ਟੇਕਣ ਤੋਂ ਪਹਿਲਾਂ ਜਲ ਪਾਣੀ ਨੂੰ ਮੂੰਹ ਨਹੀਂ ਲਾਉਂਦੇ ਸਨ ਅਤੇ ਸੰਗਤਾਂ ਨੂੰ ਵੀ ਇਹ ਉਪਦੇਸ਼ ਦਿੰਦੇ ਸਨ ਕਿ ਉਨੀ ਦੇਰ ਤੱਕ ਕਿਸੇ ਪਦਾਰਥ ਨੂੰ ਮੂੰਹ ਨਹੀਂ ਲਾਉਣਾ ਜਦ ਤਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਨਹੀਂ ਟੇਕ ਲੈਂਦੇ ਅਤੇ ਨਿਤਨੇਮ ਨਹੀਂ ਕਰ ਲੈਂਦੇ। ਬਚਨ ਕਰਿਆ ਕਰਦੇ ਸਨ ਕਿ ਬਾਣੀ ਪੜ੍ਹਨ ਸਮੇਂ ਪਾਠ ਕਰਦੇ ਸਮੇਂ ਇਹੀ ਸਮਝਣਾ ਕਿ ਜਿਸ ਵੀ ਗੁਰੂ ਸਾਹਿਬ ਜੀ ਦੀ ਬਾਣੀ ਪੜ੍ਹ ਰਿਹਾ ਹਾਂ। ਉਹ ਖੁਦ ਸੁਣ ਰਹੇ ਹਨ। ਬਾਣੀ ਪੜ੍ਹਨ ਵੇਲੇ ਇਤਨਾ ਪ੍ਰੇਮ ਅਤੇ ਬੈਰਾਗ ਹੋਵੇ ਕਿ ਪਾਠ ਕਰਦੇ ਸਮੇਂ ਅੱਖਾਂ ਵਿੱਚੋਂ ਜਲ ਵਰਸੇ। ਸਤਿਗੁਰਾਂ ਦੇ ਵਿਛੋੜੇ ਦੀ ਯਾਦ ਵਿੱਚ ਅੱਖਾਂ ਵਿੱਚ ਤ੍ਰੇਪੇ ਡਿੱਗਣ। ਜੇਕਰ ਇਹ ਅਵਸਥਾ ਨਹੀਂ ਬਣਦੀ ਤਾਂ ਸਮਝਣਾ ਕਿ ਮੇਰੀ ਪੜ੍ਹੀ ਹੋਈ ਬਾਣੀ ਮੰਜੂਰ ਨਹੀਂ ਹੋਈ। ਸੋ ਖ਼ੁਸ਼ਕ ਪਾਠ ਕੀਤਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚ ਇੱਕ ਵਿਸ਼ੇਸ਼ ਮਹਾਨਤਾ ਵਾਲੀ ਗੱਲ ਇਹ ਹੈ ਕਿ ਦੁਨੀਆਂ ਦਾ ਕੋਈ ਵੀ ਇਤਿਹਾਸ ਜਾਂ ਲਿਟਰੇਚਰ ਪੜ੍ਹੋ ਵੱਧ ਤੋਂ ਵੱਧ ਦੋ ਜਾਂ ਤਿੰਨ ਵਾਰੀ ਪੜ੍ਹਨ ਤੋਂ ਉਪਰੰਤ ਦੁਬਾਰਾ ਪੜ੍ਹਨ ਨੂੰ ਮਨ ਨਹੀਂ ਕਰੇਗਾ ਅਤੇ ਗੁਰਬਾਣੀ ਨੂੰ ਜਿਤਨਾ ਜ਼ਿਆਦਾ ਪੜ੍ਹਿਆ ਜਾਵੇ ਉਤਨਾ ਹੀ ਜ਼ਿਆਦਾ ਅਨੰਦ ਰਸ ਆਉਂਦਾ ਹੈ। ਜਿਸ ਤਰ੍ਹਾਂ ਪਹਾੜ ਤੇ ਚੜ੍ਹਨ ਸਮੇਂ ਜਿਉਂ-ਜਿਉਂ ਉਪਰ ਜਾਈਏ ਠੰਢ ਵੱਧਦੀ ਜਾਂਦੀ ਹੈ। ਇਸੇ ਤਰ੍ਹਾਂ ਗੁਰਬਾਣੀ ਹੈ। ਜਿਤਨਾਂ ਜ਼ਿਆਦਾ ਗਹਿਰਾਈ ਤੱਕ ਪੜ੍ਹੀ ਅਤੇ ਵਿਚਾਰੀ ਜਾਵੇ ਉਤਨਾਂ ਹੀ ਜ਼ਿਆਦਾ ਅਨੰਦ ਆਉਂਦਾ ਹੈ। ਰਸ ਆਉਂਦਾ ਹੈ। ਬਾਬਾ ਜੀ ਬਚਨ ਕਰਿਆ ਕਰਦੇ ਸਨ ਕਿ ਗੁਰਬਾਣੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਸ਼ਰੀ ਦਾ ਪਹਾੜ ਹੈ। ਜਿੱਥੋਂ ਮਰਜ਼ੀ ਸ਼ੁਰੂ ਕਰ ਲਓ ਮਿੱਠੀ ਹੀ ਮਿੱਠੀ ਹੈ।

ਪਰਚੀ ਪਾਉਣੀ :—ਕੋਈ ਵੀ ਕਾਰਜ ਪ੍ਰਾਰੰਭ ਕਰਨ ਵੇਲੇ ਸ੍ਰੀ ਗ੍ਰੰਥ ਸਾਹਿਬ ਜੀ ਪਾਸੋਂ ਆਗਿਆ ਲੈ ਕੇ ਪ੍ਰਾਰੰਭ ਕਰਦੇ ਸਨ। ਜਦੋਂ ਕਦੇ ਕੋਈ ਕਾਰਜ ਕਰਨਾ ਹੁੰਦਾ ਦੋ ਪਰਚੀਆਂ ਲੈ ਕੇ ਇੱਕ ਉੱਪਰ ਹਾਂ ਅਤੇ ਦੂਸਰੀ ਉੱਪਰ ਨਾਂਹ ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਕਿਸੇ ਗੁਰ ਸਿੱਖ ਪਾਸੋਂ ਇੱਕ ਪਰਚੀ ਚੁਕਵਾ ਲੈਂਦੇ। ਜੋ ਪਰਚੀ ਅਨੁਸਾਰ ਹਾਂ ਜਾਂ ਨਾਂਹ ਦਾ ਫੈਸਲਾ ਹੋ ਜਾਂਦਾ ਉਸਨੂੰ ਕਦੇ ਉਲਟਾਉਂਦੇ ਨਹੀਂ ਸਨ। ਕਈ ਦਫਾ ਪ੍ਰੋਗਰਾਮ ਬਣਿਆ ਹੁੰਦਾ ਸੀ। ਬਿਲਕੁੱਲ ਤਿਆਰੀ ਕਰਕੇ ਬੱਸ ਵਿੱਚ ਬੈਠ ਜਾਂਦੇ। ਉਸ ਵੇਲੇ ਜੇਕਰ ਪਰਚੀ ਨਾਂਹ ਦੀ ਨਿਕਲ ਆਉਂਦੀ ਤਾਂ ਉਸ ਵੇਲੇ ਪੂਰਾ ਪ੍ਰੋਗਰਾਮ ਕੈਂਸਲ ਕਰ ਦਿੰਦੇ ਸੀ ਅਤੇ ਬਚਨ ਕਰਿਆ ਕਰਦੇ ਸੀ ਕਿ ਦੁਨੀਆਂ ਇਧਰ ਦੀ ਉਧਰ ਹੋ ਜਾਵੇ ਪ੍ਰੰਤੂ ਮੈਂ ਆਪਣੇ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਨੂੰ ਨਹੀਂ ਟਾਲ ਸਕਦਾ। ਬੇਸ਼ਕ ਲੱਖਾਂ ਦਾ ਨੁਕਸਾਨ ਕਿਉਂ ਨਾ ਹੋ ਜਾਵੇ ਇਹ ਸੱਭ ਤੋਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ, ਹੁਕਮ ਹੈ। ਜਿਹੜਾ ਪੁਰਸ਼ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਨਹੀਂ ਮੰਨਦਾ। ਹੁਕਮ ਅਨੁਸਾਰ ਨਹੀਂ ਚਲਦਾ ਉਸਦੇ ਸੰਸਾਰ ਦਾ ਕੋਈ ਵੀ ਬੰਦਾ ਆਖੇ ਨਹੀਂ ਲੱਗਦਾ।

ਸ਼ੀਸ਼ ਮਹਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਤਿਆਰ ਹੋ ਰਿਹਾ ਹੈ। ਮੇਰੇ ਵਿੱਚ ਹਿੰਮਤ ਨਹੀਂ ਮੇਰੀ ਦਿਲੀ ਇੱਛਾ ਹੈ ਕਿ ਮੈਂ ਆਪਣੇ ਸਤਿਗੁਰਾਂ ਦਾ ਅਸਥਾਨ ਨਿਰੇ ਸੋਨੇ ਵਿੱਚ ਮੜ੍ਹਵਾ ਦਿਆਂ, ਤਾਂ ਵੀ ਥੋੜ੍ਹਾ ਹੈ। ਮੈਂ ਆਪਣੇ ਲਈ ਨਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਕਰ ਰਿਹਾ ਹਾਂ। ਮੈਂ ਆਪਣਾ ਸੱਭ ਕੁੱਝ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਢੇਰੀ ਕਰ ਦਿਆਂ। ਜਿਵੇਂ ਔਰਤ ਆਪਣੇ ਪਤੀ ਲਈ ਕੀ ਨਹੀਂ ਕਰਦੀ। ਮੈਂ ਆਪਣੇ ਪੁੱਤਰ ਲਈ ਕੀ ਕੁੱਝ ਕਰਦੀ ਹੈ। ਇਸ ਪ੍ਰਕਾਰ ਮੇਰੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਭ ਤੋਂ ਉਪਰ ਹੈ। ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਰਨਗੇ ਉਨ੍ਹਾਂ ਦਾ ਸਤਿਕਾਰ ਸਾਰਾ ਸੰਸਾਰ ਕਰੇਗਾ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਸਤਿਕਾਰ ਸੱਭ ਤੋਂ ਸ੍ਰੇਸ਼ਠ ਹੈ। ਸਾਧ ਸੰਗਤ ਜੀ

ਜਿਹੜੇ ਤਨ ਮਨ ਨਾਲ ਗੁਰਬਾਣੀ ਦਾ ਸਤਿਕਾਰ ਕਰਦੇ ਹਨ। ਬਾਣੀ ਸਰੂਪ ਹੀ ਬਣ ਜਾਂਦੇ ਹਨ। ਸ੍ਰੀਮਾਨ ਬਾਬਾ ਜੀ ਦੀਵਾਨ ਦੀ ਸਮਾਪਤੀ ਤੇ ਇਕ ਬਚਨ ਕਰਦੇ ਹੀ ਰਹਿੰਦੇ ਸਨ ਕਿ

ਧਾਰਨਾ :—

ਮੇਰਾ ਸਿਰ ਤੇਰੇ ਚਰਨਾਂ 'ਚ ਹੋਵੇ ਜਦੋਂ ਮੇਰੀ ਜਾਨ ਨਿਕਲੇ।

ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਮਹਾਂ ਪੁਰਖਾਂ ਦੇ ਬਚਨ ਨੂੰ ਸੱਚ ਕਰਕੇ ਵਿਖਾ ਦਿੱਤਾ। ਆਖਰੀ ਸਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਹਜ਼ੂਰੀ ਵਿੱਚ ਸਿਰ ਰੱਖ ਕੇ ਸੱਚ ਖੰਡ ਧਿਆਨ ਕੀਤਾ। ਦੂਸਰੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪ੍ਰਤੱਖ ਕਰਕੇ ਵਿਖਾ ਦਿੱਤਾ ਕਿ ਮਹਾਂ ਪੁਰਸ਼ ਕਿਵੇਂ ਸ਼ਬਦ ਬਾਣੀ ਨਾਲ ਅਭੇਦ ਹਨ। ਜਦੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਆਪਣੇ ਉਪਰ ਉਨੀਆਂ ਹੀ ਗੋਲੀਆਂ ਸਹੀਆਂ। ਜਿਸ ਤਰ੍ਹਾਂ ਮਹਾਂਪੁਰਸ਼ਾਂ ਦੇ ਲੱਗੀਆਂ ਸਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 380 ਪੰਨਿਆਂ ਤੱਕ ਗੋਲੀਆਂ ਲੱਗੀਆਂ ਸਨ। ਇੱਕ ਗੋਲੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਖੁੱਭੀ ਹੋਈ ਸੀ। ਜਿਸ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਭਾਈ ਲੱਛਮਣ ਸਿੰਘ ਜੀ ਦੇ ਸਰੀਰ ਵਿੱਚ ਗੋਲੀਆਂ ਲੱਗਣ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਹਿਬ ਵਿੱਚ ਵੀ ਗੋਲੀਆਂ ਲਗੀਆਂ ਸਨ ਅਤੇ ਉਸ ਸਮੇਂ ਜੋ ਹੁਕਮਨਾਮਾ ਲਿਆ ਗਿਆ ਸੀ ਕਿ

ਜੋ ਲੋੜੀਂਦੇ ਰਾਮ ਸੇਵਕ ਕਾਂਢੀਅਹ।<br>
ਨਾਨਕਾ ਜਾਣੋ ਸਤਿ ਸਾਈਂ ਸੰਤ ਨਾ ਬਾਹਰਾਂ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿ ਜੀ ਨੇ ਹੁਮਕਨਾਮੇ ਰਾਹੀਂ ਸੱਭ ਸੰਗਤਾਂ ਨੂੰ ਦੱਸ ਦਿੱਤਾ ਸੀ ਕਿ ਮਤਾ ਕੋਈ ਭੁਲੇਖੇ ਵਿੱਚ ਰਹਿ ਜਾਵੇ ਕਿ ਸਾਂਈਂ ਅਤੇ ਸੰਤ ਦੇ ਵੱਖਰੇ ਸਰੂਪ ਹੁੰਦੇ ਹਨ। ਨਹੀਂ ਸਾਈਂ ਅਤੇ ਸੰਤਾਂ ਵਿੱਚ ਕੋਈ ਭੇਦ ਨਹੀਂ ਹੁੰਦਾ। ਉਹ ਤਾਂ ਪਰਮੇਸ਼ਰ ਦਾ ਹੀ ਰੂਪ ਹੁੰਦੇ ਹਨ। ਹਮੇਸ਼ਾਂ ਸੰਗਤਾਂ ਨੂੰ ਇਹ ਉਪਦੇਸ਼ ਦਿੰਦੇ ਸਨ ਕਿ ਤੁਸੀਂ ਸਾਡੇ ਸਰੀਰ ਨਾਲ ਨਹੀਂ ਜੁੜਨਾ। ਜੋ ਅਸੀਂ ਕਹਿੰਦੇ ਹਾਂ ਗੁਰਬਾਣੀ ਕਹਿੰਦੀ ਹੈ ਉਹਦੇ ਮੁਤਾਬਕ ਆਪਣੇ ਜੀਵਨ ਨੂੰ ਢਾਲਣਾ ਕਰੋ। ਬਚਨ ਕਰਿਆ ਕਰਦੇ ਸਨ ਕਿ ਜਿਤਨਾ ਤੁਸੀਂ ਵੱਧ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਰ ਸਤਿਕਾਰ ਕਰੋਗੇ ਉਤਨਾਂ ਹੀ ਤੁਹਾਡਾ ਹੋਵੇਗਾ।

ਉਨਾਂ ਦਾ ਨਿਯਮ ਸੀ ਹਰ ਰੋਜ਼ ਅੰਮ੍ਰਿਤ ਵੇਲੇ ਤਿੰਨ ਤੋਂ ਚਾਰ ਵਜੇ ਤੱਕ ਇਕ ਘੰਟਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਸੰਗਤਾਂ ਵਿੱਚ ਬੈਠ ਕੇ ਸੁਣਿਆ ਕਰਦੇ ਸਨ । ਸੰਗਤਾਂ ਨੂੰ ਖਾਸ ਹਦਾਇਤ ਕੀਤੀ ਸੀ ਕਿ ਤੁਸੀਂ ਜਿਸ ਵੇਲੇ ਮੇਰੇ ਲਈ ਚੋਲੇ ਵਾਸਤੇ ਕੱਪੜਾ ਖਰੀਦਦੇ ਹੋ। ਉਸ ਵੇਲੇ ਸੱਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਪੁਸ਼ਾਕਾ ਖਰੀਦ ਕੇ ਬਾਅਦ ਵਿੱਚ ਮੇਰੇ ਲਈ ਖਰੀਦਣਾ ਹੈ।

ਮਹਾਂ ਪੁਰਸ਼ਾਂ ਵੱਲੋਂ ਗੁਰਬਾਣੀ ਦੇ ਪ੍ਰਥਾਏ ਗਏ ਪੂਰਨੇ ਰਹਿੰਦੀ ਦੁਨੀਆਂ ਤੱਕ ਮਾਰਗ ਦਰਸ਼ਕ ਬਣਦੇ ਰਹਿਣਗੇ।

ਪੇਖਤ ਸੁਨਤ ਸਦਾ ਹੈ ਸੰਗੇ ਮੈਂ ਮੂਰਖ ਜਾਨਿਆ ਦੂਰੀਰੇ।

ਸੰਨ 1992 ਦੀ ਗੱਲ ਹੈ। ਸੱਚ ਖੰਡ ਵਾਸੀ ਸ੍ਰੀ ਮਾਨ ਬਾਬਾ ਜੀ ਦੇ ਸੱਚ ਖੰਡ ਪਿਆਨਾ ਕਰਨ ਤੋਂ ਉਪਰੰਤ ਜਿਸ ਵੇਲੇ ਬਲਾਚੌਰ ਵਿਖੇ ਮਹਾਂਪੁਰਸ਼ਾਂ ਦੀ ਸ਼ਹੀਦੀ ਯਾਦਗਾਰ ਬਣਾਉਣ ਲਈ ਸੇਵਾ ਪ੍ਰਾਰੰਭ ਹੋਈ। ਉਸ ਵੇਲੇ ਬਲਾਚੌਰ ਰੋਲੂ ਕਲੋਨੀ ਬਿਲਕੁੱਲ ਉਜਾੜ ਦੀ ਤਰ੍ਹਾਂ ਲੱਗਦਾ ਸੀ। ਆਸੇ ਪਾਸੇ ਕੋਈ ਵੀ ਵਸੋਂ ਨਹੀਂ ਸੀ। ਦੂਸਰਾ ਜੋ ਵਾਰਦਾਤ ਹੋਈ ਉਹ ਸਾਰਾ ਨਕਸ਼ਾ ਹੀ ਅੱਖਾਂ ਸਾਹਮਣੇ ਘੁੰਮ ਰਿਹਾ ਸੀ। ਕਿਵੇਂ ਮਹਾਂਪੁਰਸ਼ਾਂ ਦੇ ਖ਼ੂਨ ਨਾਲ ਇਹ ਧਰਤੀ ਰੰਗੀ ਗਈ ਸੀ। ਜਦੋਂ ਸੇਵਾ ਪ੍ਰਾਰੰਭ ਕੀਤੀ। ਉਸ ਵੇਲੇ ਸ੍ਰੀ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਸੀ। ਸਵੇਰੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਨਿਰਮਲ ਡੇਰਾ ਸੰਤਗੜ੍ਹ ਵਿਖੇ ਜਾਇਆ ਕਰਦੇ ਸੀ। ਹਮੇਸ਼ਾ ਹੀ ਭੈ ਦਾਇਕ ਜਿਹਾ ਮਾਹੌਲ ਲੱਗਦਾ ਸੀ। ਇਕੱਲਾਪਨ ਬਹੁਤ ਮਹਿਸੂਸ ਹੁੰਦਾ ਸੀ। ਇਕ ਦਿਨ ਜਦੋਂ ਰਾਤ ਨੂੰ ਦਾਸ ਸੌਂ ਰਿਹਾ ਸੀ ਸੁਪਨਾ ਆਇਆ ਸੁਪਨੇ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੇਖਿਆ।

ਸਵੇਰੇ ਉੱਠਣ ਉਪਰੰਤ ਸੰਗਤ ਨਾਲ ਵਿਚਾਰ ਕੀਤੀ ਕਿ ਆਪਾਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੀਏ। ਸੰਗਤ ਵੀ ਸਹਿਮਤ ਹੋ ਗਈ। ਦਾਸ ਨੇ ਸੰਤ ਬਾਬਾ ਮਾਨ ਸਿੰਘ ਜੀ ਜੋ ਕਿ ਨਿਰਮਲ ਡੇਰੇ ਦੇ ਮੁੱਖੀ ਸਨ ਉਨ੍ਹਾਂ ਪਾਸ ਬੇਨਤੀ

ਕੀਤੀ ਕਿ ਆਪ ਕ੍ਰਿਪਾ ਕਰਕੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸਰੂਪ ਦੇ ਦੇਵੋ। ਅਸਾਡਾ ਦਿਲ ਨਹੀਂ ਲੱਗਦਾ। ਅਸੀਂ ਮਹਾਰਾਜ ਜੀ ਦਾ ਪ੍ਰਕਾਸ਼ ਕਰਨਾ ਚਾਹੁੰਦੇ ਹਾਂ। ਮਹਾਂਪੁਰਸ਼ਾਂ ਨੇ ਬੜੀ ਖੁਸ਼ੀ ਪ੍ਰਗਟਾਈ ਅਤੇ ਕਿਹਾ ਤੁਹਾਨੂੰ ਜਿਹੜੀ ਵੀ ਵਸਤੂ ਦੀ ਲੋੜ ਹੈ। ਇਹ ਵੀ ਤੁਹਾਡਾ ਆਪਣਾ ਹੀ ਘਰ ਹੈ। ਤੁਸੀਂ ਲੈ ਜਾਵੋ। ਉਸੀ ਟਾਈਮ ਤਿਆਰੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਆਂਦਾ। ਦੇਗ ਬਣਾ ਕੇ ਅਰਦਾਸ ਕੀਤੀ ਉਸ ਵੇਲੇ ਹੁਕਮਨਾਮਾ ਆਇਆ ਸੀ।

ਬਿਲਾਵਲ ਮਹਲਾ ੫ (826)

ਆਪਣਾ ਪ੍ਰਭ ਆਇਆ ਚੀਤਿ।
ਦੁਸ਼ਮਨ ਦੁਸ਼ਟ ਰਹੇ ਝਖ ਮਾਰਤ, ਕੁਸਲੁ ਭਇਆ ਮੇਰੇ ਭਾਈ ਮੀਤ ॥ਰਹਾਉ॥
ਗਈ ਬਿਆਧਿ ਉਪਾਧਿ ਸਭ ਨਾਸੀ, ਅੰਗੀਕਾਰ ਕੀਓ ਕਰਤਾਰਿ॥
ਸਾਂਤਿ ਸੂਖ ਅਰੁ ਅਨਦ ਘਨੇਰੇ, ਪ੍ਰੀਤਮ ਨਾਮ ਰਿਦੈ ਉਰਹਾਰਿ॥
ਜੀਉ ਪੰਡਿ ਧਨ ਰਾਸਿ ਪ੍ਰਭ ਤੇਰੀ, ਤੂੰ ਸਮਰਥ ਸੁਆਮੀ ਮੇਰਾ।
ਦਾਸ ਅਪਨੇ ਕਉ ਰਾਖਨਹਾਰਾ, ਨਾਨਕ ਦਾਸ ਸਦਾ ਹੈ ਚੇਰਾ॥

ਜਿਸ ਵੇਲੇ ਉਪਰੋਕਤ ਹੁਕਮ ਨਾਮਾ ਸੁਣਿਆ ਜਿਤਨੇ ਭੈ, ਚਿੰਤਾ ਸਭ ਖ਼ਤਮ ਹੋ ਗਏ ਅਤੇ ਮਨ ਨੂੰ ਇਉ ਮਹਿਸੂਸ ਹੋਣ ਲੱਗ ਪਿਆ ਕਿ ਕੋਈ ਸਾਡੇ ਨਾਲ ਘੁੰਮ ਰਿਹਾ ਹੈ। ਉਸ ਤੋਂ ਉਪਰੰਤ ਕਦੇ ਵੀ ਇਕੱਲਾਪਨ ਅਤੇ ਨਾ ਹੀ ਉਜਾੜ ਅਤੇ ਕਿਸੇ ਪ੍ਰਕਾਰ ਦਾ ਭੈ ਨਹੀਂ ਆਇਆ ਹਮੇਸ਼ਾ ਹੀ ਮਹਾਰਾਜ ਜੀ ਅੰਗ ਸੰਗ ਜਾਪਣ ਲੱਗ ਪਏ। ਸੇਵਾ ਵਿੱਚ ਵਿਘਨ ਪਾਉਣ ਦੇ ਅਨੇਕਾਂ ਪ੍ਰਕਾਰ ਦੇ ਅਸਫਲ ਜਤਨ ਕੀਤੇ ਗਏ ਪ੍ਰੰਤੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਤਨੀ ਆਪਾਰ ਬਖਸ਼ਸ ਹੋਈ ਕਿ ਪਤਾ ਹੀ ਨਹੀਂ ਲੱਗਿਆ ਕਿ ਇਤਨੀ ਜਲਦੀ ਇਤਨਾ ਆਲੀਸ਼ਾਨ ਅਸਥਾਨ ਕਿਵੇਂ ਤਿਆਰ ਹੋ ਗਿਆ।

ਜਿਥੈ ਨਾਮ ਜਪੀਐ ਪ੍ਰਭ ਪਿਆਰੇ
ਸੇ ਅਸਥਲ ਸੋਇਨ ਚਉਬਾਰੇ॥

ਮਹਾਂ ਵਾਕ ਅਨੁਸਾਰ ਉਜਾੜ ਬੀਆਬਾਨ ਦੀ ਧਰਤੀ ਚਉਬਾਰਿਆਂ ਵਿੱਚ ਬਦਲ ਗਈ ਅਤੇ ਨਾਮ ਬਾਣੀ ਦੀਆਂ ਗੂੰਜਾਂ ਪੈਣ ਲੱਗ ਗਈਆਂ। ਅਤੇ ਅੱਜ ਵੀ ਪੈ ਰਹੀਆਂ ਹਨ। ਇਹ ਸੱਭ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਹਿਰਾਂ ਮਿਹਰ ਦਾ ਸਦਕਾ ਹੀ ਹੈ।

ਜਿਥੈ ਜਾਇ ਬਹੇ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਜਿਹੜਾ ਬਲਾਚੌਰ ਉਜਾੜ ਬਾਈਬਾਨ ਦਿਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਦਕਾ ਸੁਹਾਵਣਾ ਬਣ ਗਿਆ। ਮਨ ਨੂੰ ਸੋਹਣਾ ਲੱਗਣ ਲੱਗ ਪਿਆ।

## ਕਲਗੀਧਰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ੫੨ ਹੁਕਮ ਜੋ ਉਹਨਾਂ ਨੰਦੇੜ ਸਾਹਿਬ ਵਿਖੇ ਕੀਤੇ

੧. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ।
੨. ਸਭ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ।
੩. ਧਿਆਨ ਸਤਸਰੂਪ ਸਤਿਗੁਰੂ ਦਾ ਕਾਰਨਾ।
੪. ਗੁਰੂ ਘਰ ਦੇ ਵਿਦਵਾਨ ਸਿੱਖਾਂ ਮਹਾਂਪੁਰਸ਼ਾਂ ਪਾਸੋਂ ਗੁਰਬਾਣੀ ਦੇ ਅਦਬ ਪੜਨੇ।
੫. ਦੂਸਰੇ ਮੱਤਾਂ ਦੇ ਪੁਸਤਕ ਵਿਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ ਗੁਰਬਾਣੀ, ਅਕਾਲ ਪੁਰਖ ਤੇ ਹੀ ਰੱਖਣਾ।
੬. ਗੁਰਬਾਣੀ ਕੰਠ ਕਰਨੀ।
੭. ਗੁਰਬਾਣੀ ਦਾ ਕੀਰਤਨ ਤੇ ਕਥਾ ਰੋਜ ਸੁਣਨਾ ਤੇ ਕਰਨਾ।

੮. ਰਹਿਰਾਸ ਦਾ ਪਾਠ ਕਰਕੇ ਖੜੋ ਹੋ ਕੇ ਅਰਦਾਸ ਕਰਨੀ।
੯. "ਸੁਪਤਨ ਸਮੇਂ ਸੋਹਿਲਾ ਰਹੈ, ਰਾਤੀ ਸੌਣ ਸਮੇਂ ਸੋਹਿਲਾ ਸਲੋਕ ਪਉਨ ਗੁਰੂ ਪਾਣੀ ਪਿਤਾ ਦਾ ਪਾਠ ਕਰਨਾ।
੧੦. ਕੇਸਾਂ ਨੂੰ ਗੁਰ ਸਮਾਨ ਜਾਣ ਅਦਬ ਕਰਨਾ। ਸਿੱਖੀ ਕੇਸਾ ਸੁਆਸਾ ਸੰਗ ਨਿਭਾਉਣੀ। "ਛਾਪ ਗੁਰ ਕੀ ਗੁਰ ਸਮ ਜਾਨੇ, ਗੁਰ ਸਮ ਅਦਬ ਕੇਸ ਕੋ ਠਾਨੇ।"
੧੧. ਸਿੱਖ ਸਿੱਖ ਦਾ ਇਤਬਾਰ ਕਰਨਾ। ਗੁਰ ਕੇ ਸਿੱਖ ਤਰਕ ਨ ਕਰੈ। ਚਾਰ ਵਰਨ ਸਿੱਖ ਪੰਥ ਆ ਕੇ ਗੁਰ ਭਾਈ ਹੋ ਜਾਂਦੇ ਹਨ।
੧੨. ਸਭ ਕਾਰਜਾਂ ਦੇ ਆਰੰਭ ਸਮੇਂ ਅਰਦਾਸ ਕਰਨੀ।
੧੩. ਭਾਵੇਂ ਜੰਮਣ ਮਰਣ ਜਾਂ ਵਿਆਹ ਆਨੰਦ ਹੋਵੇ। ਜਪ ਦਾ ਪਾਠ ਕਰਕੇ ਤਿਹਾਵਲ ਕੜਾਹ ਪ੍ਰਸਾਦਿ ਕਰੇ। ਅਨੰਦ ਸਾਹਿਬ ਦੀਆਂ ਪੰਜ ਪਉੜੀਆਂ, ਅਰਦਾਸ ਕਰ ਪ੍ਰਥਮ ਪੰਜ ਪਿਆਰਿਆਂ ਅਤੇ ਹਜ਼ੂਰੀ ਗ੍ਰੰਥੀ ਸਿੰਘ ਦਾ ਵਰਤਾਰਾ ਰੱਖ ਕੇ ਉਪਰੰਤ ਸੰਗਤਾਂ ਨੂੰ ਵਰਤਾ ਦੇਵੇ। ਸੀਤਲਾ ਜਗ੍ਹਾ ਆਦਿ ਦੇਵੀਆਂ ਦਾ ਮਣਸਿਆ ਹੋਆ ਪ੍ਰਸਾਦਿ ਨਹੀਂ ਖਾਵਣਾ "ਸਾਇ ਨ ਅਸਨ ਸੀਤਲਾ ਜਜੇ"
੧੪. ਜਦ ਤੱਕ ਕੜਾਹ ਵਰਤਦਾ ਰਹੇ, ਸਾਰੀ ਸੰਗਤ ਅਡੋਲ ਬੈਠੀ ਰਹੇ ਅਤੇ ਸਤਨਾਮ ਦਾ ਜਾਪ ਕਰੀ ਜਾਵੇ।
੧੫. ਕ੍ਰਿਤ ਧਰਮ ਦੀ ਸਰਨੀ।
੧੬. "ਦੇ ਦਸਵੰਤ ਗੁਰੂ ਕੋ ਰੂੜਾ" ਦਸਵੰਧ ਦੇਵਣਾ।
੧੭. "ਨਹਿੰ ਸਪਤਹਿ ਸਿੱਖ ਸੋਤ ਸਵੇਰੇ।" ਅੰਮ੍ਰਿਤ ਵੇਲੇ ਜਾਗਣਾ।
੧੮. ਸੇਵਾ ਰੁਚਿ ਨਾਲ ਸਿੱਖ ਸੇਵਕ ਦੀ ਕਰਨੀ।
੧੯. ਰਹਿਤ ਪੰਜਾਂ ਕਰਾਰਾਂ ਦੀ ਦ੍ਰਿੜ੍ਹ ਰੱਖਣੀ।
੨੦. 'ਬਿਨਾਂ ਬਿਆਹਿ ਬਿਨ ਪਠੈ ਅਨੰਦ" ਵਿਆਹ ਅਨੰਦ ਬਿਨਾਂ ਗ੍ਰਹਿਸਤ ਨਹੀਂ ਕਰਨਾ।
੨੧. "ਪਰ ਤ੍ਰਿਯ ਰਾਖਹਿ ਨ ਹੇਤੁ ਅਨੰਦ" ਵਿਲਾਸ ਪਰ ਇਸਤਰੀ ਦਾ ਸੰਗ ਨਹੀਂ ਕਰਨਾ। ਮਾਂ ਭੈਣ ਧੀ ਕਰ ਜਾਣਨੀ।
੨੨. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ।
੨੩. ਰਹਿਤ ਵਾਨ ਤੇ ਨਾਮ ਜਪਣ ਵਾਲਿਆਂ ਦੀ ਸੰਗਤ ਕਰਨੀ।
੨੪. ਜਿਤਨੇ ਕੰਮ ਆਪਣੇ ਕਰਨ ਗੋਚਰੇ ਹੋਣ ਉਹਨਾਂ ਦੇ ਕਰਨੇ ਵਿੱਚ ਦਰਿਦ੍ਰ ਨਹੀਂ ਕਰਨਾ।
੨੫. ਜਗਤ ਜੂਠ ਤੰਬਾਕੂ ਬਿਖਿਆ ਦਾ ਤਿਆਗ ਕਰਨਾ।
੨੬. ਕਿਸੇ ਦੀ ਨਿੰਦਿਆ ਚੁਗਲੀ ਤੇ ਈਰਖਾ ਨਹੀਂ ਕਰਨੀ।
੨੭. ਨਾਨਕ ਦਾਦਕਤਜਿ ਦੂਈ ਗੋਤ। ਸਾਕ ਗੁਰੂ ਸਿੱਖਨ ਸੰਗ ਹੋਤਿ।
੨੮. ਮਤ ਉਚੀ ਤੇ ਸੁੱਚੀ ਰੱਖਣੀ, ਧਨ ਜੁਆਨੀ ਤੇ ਕੁੱਲਜਾਤ ਦਾ ਅਭਿਮਾਨ ਨਹੀਂ ਕਰਨਾ।
੨੯. ਸ਼ੁਭ ਕਰਮਨ ਤੇ ਕਦੇ ਨਹੀਂ ਡਰਨਾ।
੩੦. ਬਲ ਬੁੱਧ ਦਾ ਦਾਤਾ ਵਾਹਿਗੁਰੂ ਨੂੰ ਜਾਨਣਾ।
੩੧. ਸੁਗੰਧ (ਕਸਮ-ਸਹੁੰ) ਦੇਕਰ ਇਤਬਾਰ ਜਨਾਉਣ ਵਾਲੇ ਤੇ ਯਕੀਨ ਨ ਕਰਨਾ।
੩੨. ਸੁਤੰਤਰ ਵਿਚਰਨਾਂ। ਰਾਜ, ਕਾਜ ਦਿਆਂ ਕੰਮਾਂ ਉਤੇ ਦੂਸਰੇ ਮੱਤਾਂ ਦਿਆਂ ਪੁਰਸ਼ਾਂ ਨੂੰ ਅਧਿਕਾਰ ਨਹੀਂ ਦੇਣਾ। "ਤੁਰਕ ਸੁ ਜਾਨੇ ਰੋਗ ਸਮਾਨ" ਦੇਸ਼ ਦੇ ਵਿਦੇਸ਼ੀ ਹਾਕਮਾਂ ਤੁਰਕਾਂ ਨੂੰ ਰੋਗ ਵਤ ਸਮਝੇ।
੩੩. ਰਾਜਨੀਤੀ ਪੜ੍ਹਨੀ।
੩੪. ਸ਼ਤਰੂ ਨਾਲ ਸ਼ਾਮ, ਦਾਮ, ਭੇਦ ਆਦਿਕ ਉਪਜਾਉ ਵਰਤਣੇ।
੩੫. ਸ਼ਸਤ੍ਰ ਵਿਦਿਆ ਤੇ ਘੋੜੇ ਦੀ ਸਵਾਰੀ ਦਾ ਅਭਿਆਸ ਕਰਨਾ।

੩੬. ਜੋ ਨਰਪਚੀ ਅਧਿਕ ਸੰਸਾਰੀ, ਫਸੇ ਕਰਮ ਮਹਿ ਜਯੋ ਮਧ ਵਾਰੀ ਤਿਨਤੇ ਸੁਣ ਸੁਣ ਮਾਨਹਿ ਨਹੀਂ, ਧਰਹੁ ਸਦਾ ਸਤਿਗੁਰੂ ਜਿਮ ਕਹੀ।

੩੭. ਨੰਗੇ ਕੇਸ ਨ ਕਰਿ ਚਿਰ ਲਾਇ॥ ਕੇਸ ਨੰਗੇ ਨਹੀਂ ਰੱਖਣੇ ਦਸਤਾਰ ਬਿਨਾਂ ਨਹੀਂ ਰਹਿਣਾ।

੩੮. ਸਿੱਖ ਕੋ ਅੱਧਾ ਨਾਮ ਨ ਲੈਣਾ, ਲੇਯ ਜੁ ਜਮੁ ਕੇ ਵਸਿ ਹੁਇ ਤੋਯਾ॥

੩੯. ਸ਼ਰਾਬ ਦਾ ਸੇਵਨ ਨਹੀਂ ਕਰਨਾ।

੪੦. ਭਾਦਨੀ (ਸਿਰ ਮੁੰਨੇ) ਨੂੰ ਕੰਨਿਆਂ ਨਹੀਂ ਦੇਣੀ। ਉਥੇ ਦੇਣੀ ਜਿਥੇ ਅਕਾਲ ਪੁਰਖ ਦੀ ਸਿੱਖੀ ਹੋ ਤੇ ਕਿਰਤ ਸੁੱਚੀ ਹੋਵੇ, ਭਲੇ ਸੁਭਾਅ ਦਾ ਬਿਬੇਕ ਬੁੱਧ ਵਾਲਾ ਹੋਵੇ, ਕਰਜਾਈ ਨ ਹੋਵੇ।

੪੧. ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ।

੪੨. ਬਚਨ ਕੌੜਾ ਨਹੀਂ ਕਹਿਣਾ ਜਿਸ ਕਰਕੇ ਕਿਸੇ ਦਾ ਹਿਰਦਾ ਦੁਖਦਾ ਹੋਵੇ।

੪੩. ਦਰਸ਼ਨ, ਯਾਤਰਾ, ਗੁਰੂਦੁਆਰਿਆਂ ਦੀ ਹੀ ਕਰਨੀ।

੪੪. ਬਚਨ ਕਰਕੇ ਪਾਲਣਾ।

੪੫. ਅਤਿਥੀ, ਪ੍ਰਦੇਸੀ, ਲੋੜਵੰਦ, ਦੁਖੀ ਅਪੰਗ, ਮਨੁੱਖ ਮਾਤਰ ਦੀ ਯਥਾ ਸ਼ਕਤ ਸੇਵਾ ਕਰਨੀ।

੪੬. ਪੁੱਤਰੀ ਦਾ ਧਨ ਬਿਖ ਜਾਨਣਾ।

੪੭. ਸਵਾਂਗੀ ਦਿਖਾਵੇ ਦਾ ਸਿੱਖ ਨਹੀਂ ਬਣਨਾ।

੪੮. ਚੋਰੀ, ਜਾਰੀ, ਠੱਗੀ, ਧੋਖਾ, ਦਗਾ ਨਹੀਂ ਕਰਨਾ।

੪੯. ਝੂਠੀ ਗਵਾਹੀ ਨਹੀਂ ਦੇਣੀ।

੫੦. ਦਰੋਗ ਨਹੀਂ ਕਹਿਣਾ।

੫੧. ਲੰਗਰ ਪ੍ਰਸਾਦਿ ਇਕ ਰਸ ਵਰਤਾਉਣਾ।

੫੨. ਹਰ ਰੋਜ ਸਤਸੰਗ ਅਤੇ ਸ਼ਬਦ ਦਾ ਅਭਿਆਸ ਕਰਨਾ।

ਸਾਧ ਸੰਗਤ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਹ ਅਨਮੋਲ ਖਜਾਨਾ ਪੁਸਤਕ ਗੁਰਬਾਣੀ, ਮਹਾਂਪੁਰਸ਼ਾਂ ਵਿਦਵਾਨਾਂ ਦੇ ਬਚਨਾਂ ਦਾ ਸੰਗ੍ਰਹਿ ਹੈ। ਇਸ ਪੂਰੀ ਪੁਸਤਕ ਵਿੱਚ ਦਾਸ ਦਾ ਕੋਈ ਵੀ ਨਿੱਜੀ ਵਿਚਾਰ ਜਾਂ ਕਹੀ ਹੋਈ ਗੱਲ ਨਹੀਂ ਲਿਖੀ। ਪੁਰਾਤਨ ਗ੍ਰੰਥਾਂ ਅਤੇ ਧਾਰਮਿਕ ਇਤਿਹਾਸਿਕ, ਲਿਖਤਾਂ ਵਿੱਚੋਂ ਇਕੱਤਰ ਕੀਤਾ ਭੰਡਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਦਿਵਸ ਨੂੰ ਸਮਰਪਿਤ ਸੱਚ ਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਟਾਂਡਾ ਉੜਮੁੜ ਵਾਲਿਆਂ ਦੀ 14ਵੀਂ ਬਰਸੀ ਤੇ ਸੰਗਤਾਂ ਦੇ ਸਨਮੁੱਖ ਭੇਟ ਕਰ ਰਿਹਾ ਹਾਂ। ਆਸ ਹੈ ਕਿ ਵੱਧ ਤੋਂ ਵੱਧ ਸੰਗਤਾਂ ਅਨਮੋਲ ਖਜ਼ਾਨੇ ਵਿੱਚੋਂ ਜ਼ਰੂਰ ਕੁੱਝ ਨ ਕੁੱਝ ਪ੍ਰਾਪਤ ਕਰਨਗੀਆਂ। ਦਾਸ ਨਾਂ ਤਾਂ ਲਿਖਾਰੀ ਹੀ ਹੈ। ਨਾਂ ਹੀ ਬਹੁਤਾ ਵਿਦਵਾਨ ਜਾਂ ਪੜ੍ਹਿਆ ਹੈ। ਅਨੇਕਾਂ ਪ੍ਰਕਾਰ ਦੀਆਂ ਗਲਤੀਆਂ ਹੋ ਗਈਆਂ ਹੋਣਗੀਆਂ। ਤਰੁੱਟੀਆਂ ਰਹਿ ਗਈਆਂ ਹੋਣਗੀਆਂ। ਕ੍ਰਿਪਾ ਕਰਕੇ ਦਾਸ ਨੂੰ ਦੱਸਣ ਦੀ ਕ੍ਰਿਪਾਲਤਾ ਕਰਨੀ ਤਾਂ ਕਿ ਅੱਗੇ ਤੋਂ ਸੋਧ ਕੀਤੀ ਜਾ ਸਕੇ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਪਾਰ ਬਖਸ਼ਸ਼ ਮਹਾਂ ਪੁਰਸ਼ਾਂ ਦੀ ਪ੍ਰੇਰਨਾ ਅੰਮੀ ਦਿਲਬੀਰ ਕੌਰ ਜੀ ਦਾ ਅਸ਼ੀਰਵਾਦ ਅਤੇ ਸਮੂਹ ਸੰਗਤਾਂ ਦੇ ਪ੍ਰੇਮ ਸਹਿਯੋਗ ਕਰਕੇ ਪੁਸਤਕ ਅਨਮੋਲ ਖਜ਼ਾਨਾ ਸੰਪੂਰਨ ਹੋਈ ਹੈ। ਕ੍ਰਿਪਾ ਕਰੋ ਅਸ਼ੀਰਵਾਦ ਦਿਓ ਅੱਗੇ ਤੋਂ ਵੀ ਅਜਿਹੀ ਕ੍ਰਿਪਾ ਪ੍ਰੇਰਨਾ, ਅਸ਼ੀਰਵਾਦ, ਸਹਿਯੋਗ ਮਿਲਦਾ ਰਹੇ ਅਤੇ ਦਾਸ ਆਪ ਜੀ ਦੀ ਸੇਵਾ ਕਰਦਾ ਰਹੇ। ਅੰਤ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਟਨ ਕੋਟ ਬਾਰ ਨਮਸਕਾਰ ਸਮੂਹ ਸੰਗਤਾਂ ਨੂੰ ਗੁਰੂ ਫਤਹਿ ਪ੍ਰਵਾਨ ਹੋਵੇ ਜੀ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਕੀ ਕੀ ਫਤਹਿ।

ਸਮੂਹ ਸੰਗਤਾਂ ਦੀ ਚਰਣਧੂੜ
ਦਾਸ ਹਰਜਿੰਦਰ ਸਿੰਘ
ਨਾਨਕ ਨਿਰਵੈਰ ਸੱਚਖੰਡ ਧਾਮ,
ਰੋਲੂ ਕਲੋਨੀ, ਬਲਾਚੌਰ।